# ਸਥਾਨਕ ਵਿਦਿਆਲਾ ਹੈਂਡਬੁੱਕ

shepherds
GLOBAL CLASSROOM

ਕਾਪੀਰਾਈਟ © 2023 Shepherds Global Classroom
https://www.shepherdsglobal.org/downloads ਤੇ ਮੁਫ਼ਤ ਡਾਊਨਲੋਡ ਲਈ ਉਪਲਬਧ ਹੈ

ਇਹ ਕੋਰਸ Creative Commons Attribution-NonCommercial-NoDerivatives 4.0 International License (CC BY-NC-ND 4.0) ਦੇ ਤਹਿਤ ਉਪਲਬਧ ਕਰਵਾਇਆ ਗਿਆ ਹੈ, ਸਿਵਾਏ ਜਿੱਥੇ ਕਿਤੇ ਹੋਰ ਨੋਟ ਕੀਤਾ ਗਿਆ ਹੋਵੇ।
https://creativecommons.org/licenses/by-nc-nd/4.0/

ਇਸ ਕੋਰਸ ਦੀ ਨਕਲ ਬਣਾਈ ਜਾ ਸਕਦੀ ਹੈ ਅਤੇ ਇਸ ਨੂੰ ਛਾਪ ਕੇ ਅਤੇ ਡਿਜੀਟਲ ਫਾਰਮੈਟ ਵਿੱਚ ਮੁਫ਼ਤ ਵਿੱਚ ਵੰਡਿਆ ਜਾ ਸਕਦਾ ਹੈ ਪਰ ਕਿਸੇ ਵੀ ਤਰੀਕੇ ਨਾਲ ਬਦਲਿਆ ਨਹੀਂ ਜਾਣਾ ਚਾਹੀਦਾ ਹੈ ਅਤੇ ਲਾਭ ਲਈ ਵੇਚਿਆ ਨਹੀਂ ਜਾ ਸਕਦਾ ਹੈ (ਹਾਲਾਂਕਿ ਛਪਾਈ ਦੀ ਲਾਗਤ ਵਸੂਲੀ ਜਾ ਸਕਦੀ ਹੈ)। ਵਿੱਦਿਅਕ ਅਦਾਰੇ ਇਸ ਕੋਰਸ ਦੀ ਵਰਤੋਂ/ਨਕਲ ਬਣਾਉਣ ਲਈ ਸੁਤੰਤਰ ਹਨ ਭਾਵੇਂ ਉਹ ਇਸ ਨੂੰ ਪੜ੍ਹਾਉਣ ਦੀ ਫੀਸ ਲੈਂਦੇ ਹਨ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ www.shepherdsglobal.org/copyright ਤੇ ਜਾਓ।

ਮੁੱਖ ਲੇਖਕ: ਡਾ. ਸਟੀਫਨ ਕੇ. ਗਿਬਸਨ

# ਵਿਸ਼ੇ-ਸੂਚੀ


| | |
|---|---|
| ਸਿਖਲਾਈ ਦੇਣ ਲਈ ਇਸ ਛੋਟੀ ਜਿਹੀ ਪੁਸਤਕ ਦੀ ਵਰਤੋਂ ਕਰਨਾ | 5 |
| 1. ਸਥਾਨਕ ਸੇਵਕਾਈ ਦੀ ਸਿਖਲਾਈ ਦੇਣ ਦੀ ਮਹੱਤਤਾ | 7 |
| 2. ਸ਼ੈਫਰਡਸ ਗਲੋਬਲ ਕਲਾਸਰੂਮ ਨਾਲ ਜਾਣ-ਪਛਾਣ | 13 |
| 3. ਇੱਕ ਸੰਭਾਵੀ ਸਿੱਖਿਅਕ ਦੀਆਂ ਯੋਗਤਾਵਾਂ | 17 |
| 4. ਆਪਣੇ ਵਿਦਿਆਰਥੀਆਂ ਨੂੰ ਸਮਝਣਾ | 21 |
| 5. ਚੰਗੀ ਸਿੱਖਿਆ ਦੇਣ ਦੇ ਤਰੀਕੇ | 25 |
| 6. SGC ਕੋਰਸ ਕਿਵੇਂ ਸਿਖਾਉਣੇ ਹਨ | 29 |
| 7. ਸਿੱਖਿਅਕਾਂ ਦੀ ਖੋਜ ਕਰਨਾ | 33 |
| 8. ਸਥਾਨਕ ਸ਼ੈਫਰਡ ਵਿਦਿਆਲੇ ਦਾ ਸੰਚਾਲਨ ਕਰਨਾ | 37 |
| SGC ਤੋਂ ਆਨਲਾਈਨ ਸ੍ਰੋਤ | 42 |
| ਸ਼ੈਫਰਡਸ ਗਲੋਬਲ ਕਲਾਸਰੂਮ ਕੋਰਸ ਵੇਰਵੇ | 43 |

# ਸਿਖਲਾਈ ਦੇਣ ਲਈ ਇਸ ਪੁਸਤਕ ਦੀ ਵਰਤੋਂ ਕਰਨਾ



ਇਹ ਪੁਸਤਕ ਮੁੱਖ ਤੌਰ ਤੇ ਸਿਖਲਾਈ ਦੇਣ ਵਾਲਿਆਂ, ਪ੍ਰਸ਼ਾਸਕਾਂ ਅਤੇ ਸਥਾਨਕ ਸਿੱਖਿਅਕਾਂ ਲਈ ਇੱਕ ਹਵਾਲਾ ਗਾਈਡ ਹੈ। ਕਈ ਵਾਰ ਸਿਖਲਾਈ ਦੇਣ ਵਾਲੇ ਇਸ ਪੁਸਤਕ ਦੀ ਵਰਤੋਂ, ਸਿੱਖਿਅਕਾਂ ਅਤੇ ਸਥਾਨਕ ਵਿਦਿਆਲਿਆਂ ਦੇ ਪ੍ਰਬੰਧਕਾਂ ਨੂੰ ਸਿਖਲਾਈ ਦੇਣ ਵਾਸਤੇ ਇੱਕ ਕੋਰਸ ਦੇ ਤੌਰ ਤੇ ਕਰ ਸਕਦੇ ਹਨ। ਹੋਰ ਸਮਿਆਂ ਤੇ, ਸਮੱਗਰੀ ਦੇ ਵਿਅਕਤੀਗਤ ਭਾਗਾਂ ਦੀ ਵਰਤੋਂ ਕਿਸੇ ਖ਼ਾਸ ਵਿਸ਼ੇ ਤੇ ਸਿਖਲਾਈ ਦੇਣ ਲਈ ਜਾਂ ਸ਼ੈਫਰਡਜ਼ ਗਲੋਬਲ ਕਲਾਸਰੂਮ ਨਾਲ ਜਾਣ-ਪਛਾਣ ਕਰਵਾਉਣ ਲਈ ਕੀਤੀ ਜਾ ਸਕਦੀ ਹੈ।

ਇੱਕ ਸਿਖਲਾਈ ਪ੍ਰੋਗਰਾਮ ਦੌਰਾਨ ਪੂਰੀ ਪੁਸਤਕ ਨੂੰ ਸਿਖਾਉਣ ਵਿੱਚ ਲਗਭਗ ਛੇ ਘੰਟੇ ਲੱਗਦੇ ਹਨ। ਸਿੱਖਿਅਕਾਂ ਨੂੰ ਚਰਚਾ ਦੇ ਲਈ ਬਾਰ-ਬਾਰ ਰੁਕਣਾ ਚਾਹੀਦਾ ਹੈ।

ਸਿੱਖਣ ਵਾਲਿਆਂ ਨੂੰ ਬਾਈਬਲਾਂ, ਲਿਖਣ ਵਾਲੀ ਸਮੱਗਰੀ ਅਤੇ ਇਸ ਪੁਸਤਕ ਦੀ ਇੱਕ ਕਾਪੀ ਦੀ ਲੋੜ ਹੈ।

ਸਿੱਖਿਅਕਾਂਨੂੰ ਸਿੱਖਣ ਵਾਲਿਆਂ ਦੀ ਜਾਂਚ ਕਰਨ ਦੇ ਲਈ ਕਈ ਤਰ੍ਹਾਂ ਦੇ SGC ਕੋਰਸ ਲਿਆਉਣੇ ਚਾਹੀਦੇ ਹਨ। ਕਲਾਸ ਨੂੰ ਕਈ ਵੱਖ-ਵੱਖ ਕੋਰਸਾਂ ਵਿੱਚੋਂ ਹਰੇਕ ਦੀਆਂ ਘੱਟੋ-ਘੱਟ ਤਿੰਨ ਕਾਪੀਆਂ ਦੀ ਲੋੜ ਪਵੇਗੀ ਤਾਂ ਜੋ ਸਿੱਖਣ ਵਾਲੇ ਤਿੰਨ ਜਣਿਆਂ ਦੇ ਸਮੂਹਾਂ ਵਿੱਚ ਇੱਕ ਦੂਜੇ ਨੂੰ ਪੜ੍ਹਾਉਣ ਦਾ ਅਭਿਆਸ ਕਰ ਸਕਣ।

ਜਦੋਂ ਸਿੱਖਿਅਕ 6 ਅਧਿਆਇ ਪੂਰਾ ਸਿਖਾ ਚੁੱਕੇ ਹੋਣਗੇ, ਤਾਂ ਵਿਦਿਆਰਥੀਆਂ ਨੂੰ SGC ਕੋਰਸਾਂ ਨੂੰ ਵੇਖਣਾ ਚਾਹੀਦਾ ਹੈ। ਉਨ੍ਹਾਂ ਨੂੰ ਕੋਰਸਾਂ ਦੇ ਸਾਹਮਣੇ ਦਿੱਤੀਆਂ ਗਈਆਂ ਵੱਖ-ਵੱਖ ਦਿਸ਼ਾਵਾਂ ਨੂੰ ਵੇਖਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਦਿਸ਼ਾਵਾਂ ਤੇ ਚਰਚਾ ਕਰਨੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਉਨ੍ਹਾਂ ਨੂੰ ਸਮਝਦੇ ਹਨ।

ਸਿਖਲਾਈ ਲਈ ਪੇਸ਼ਕਾਰੀ ਅਤੇ ਅਭਿਆਸ ਜ਼ਰੂਰੀ ਹਨ। ਸਿੱਖਿਅਕ ਕੋਰਸਾਂ ਤੋਂ ਤਿੰਨ ਸਬਕ ਸਿਖਾ ਕੇ ਇਹ ਵਿਖਾ ਸਕਦਾ ਹੈ ਕਿ ਕਿਵੇਂ ਸਿਖਾਉਣਾ ਹੈ। ਪੇਸ਼ਕਾਰੀ ਸਭ ਤੋਂ ਵਧੀਆ ਹੈ ਜੇਕਰ ਹਰੇਕ ਪਾਠ ਇੱਕ ਵੱਖਰੇ ਕੋਰਸ ਤੋਂ ਹੈ। ਜੇਕਰ ਇੱਕ ਤੋਂ ਵੱਧ ਸਿੱਖਿਅਕ ਜਾਂ ਕੁਝ ਹੁਸ਼ਿਆਰ ਵਿਦਿਆਰਥੀ ਉਪਲਬਧ ਹਨ, ਤਾਂ ਉਹ ਵੱਖ-ਵੱਖ ਸ਼ੈਲੀਆਂ ਦੀ ਪੇਸ਼ਕਾਰੀ ਕਰਨ ਲਈ ਸਬਕ ਸਿਖਾ ਸਕਦੇ ਹਨ।

ਪੇਸ਼ਕਾਰੀ ਨੂੰ ਵੇਖਣ ਤੋਂ ਬਾਅਦ, ਇਸ ਕੋਰਸ ਦੇ ਵਿਦਿਆਰਥੀ ਨੂੰ ਸਿੱਖਿਆ ਦਾ ਅਭਿਆਸ ਕਰਨ ਦੀ ਲੋੜ ਹੁੰਦੀ ਹੈ।

ਘੱਟੋ-ਘੱਟ ਅਭਿਆਸ ਇਸ ਤਰ੍ਹਾਂ ਆਯੋਜਿਤ ਕੀਤਾ ਜਾ ਸਕਦਾ ਹੈ: ਵਿਦਿਆਰਥੀਆਂ ਨੂੰ ਤਿੰਨ ਜਣਿਆਂ ਦੇ ਸਮੂਹਾਂ ਵਿੱਚ ਵੰਡੋ। ਇੱਕ ਸਮੂਹ ਵਿੱਚ ਹਰੇਕ ਵਿਦਿਆਰਥੀ 30 ਮਿੰਟਾਂ ਤੋਂ ਵੀ ਘੱਟ ਸਮੇਂ ਵਿੱਚ ਦੂਜੇ ਦੋ ਨੂੰ ਇੱਕ ਸਬਕ ਸਿਖਾਉਂਦਾ ਹੈ। ਤਿੰਨਾਂ ਵਿੱਚੋਂ ਹਰੇਕ ਵਿਦਿਆਰਥੀ 90 ਮਿੰਟਾਂ ਦੀ ਮਿਆਦ ਵਿੱਚ ਦੂਜੇ ਦੋ ਵਿਦਿਆਰਥੀਆਂ ਦੇ ਅਭਿਆਸ ਦਾ ਅਭਿਆਸ ਕਰਦਾ ਹੈ ਅਤੇ ਉਸ ਦਾ ਨਿਰੀਖਣ ਕਰਦਾ ਹੈ।

ਸਿੱਖਿਅਕ ਅਤੇ ਹੋਰ ਵਿਦਿਆਰਥੀਆਂ ਤੋਂ ਪ੍ਰਤੀਕਿਰਿਆ ਦੇ ਨਾਲ ਵਿਦਿਆਰਥੀ ਅਭਿਆਸ ਦੇ ਲਈ ਸਮਰਪਿਤ ਇੱਕ ਵਾਧੂ ਸਿਖਲਾਈ ਦੇਣ ਵਾਲਾ ਦਿਨ ਸਭ ਤੋਂ ਵਧੀਆ ਅਭਿਆਸ ਹੋਵੇਗਾ। ਇਹ ਅਗਾਂਹ-ਵਧੂ ਅਭਿਆਸ ਦਿਨ ਜੇਕਰ ਲੋੜ ਹੋਵੇ ਤਾਂ ਬਾਅਦ ਦੀ ਮਿਤੀ ਲਈ ਤਹਿ ਕੀਤਾ ਜਾ ਸਕਦਾ ਹੈ। ਵਾਧੂ ਸਮਾਂ ਵਿਦਿਆਰਥੀਆਂ ਨੂੰ ਤਿਆਰੀ ਕਰਨ ਵਿੱਚ ਮਦਦ ਕਰੇਗਾ।

## ਅਧਿਆਇ 1

# ਸਥਾਨਕ ਸੇਵਕਾਈ ਦੀ ਸਿਖਲਾਈ ਦੇਣ ਦੀ ਮਹੱਤਤਾ

### ਜਾਣ-ਪਛਾਣ

**ਕਲੀਸੀਆ ਨੂੰ ਸਿਖਾਉਣਾ ਚਾਹੀਦਾ ਹੈ।** ਯਿਸੂ ਨੇ ਕਲੀਸੀਆ ਨੂੰ ਕਿਹਾ ਕਿ ਉਹ ਹਰ ਜਗ੍ਹਾ ਜਾ ਕੇ ਉਸ ਦੇ ਹੁਕਮਾਂ ਬਾਰੇ ਸਿਖਾਉਣ (ਮੱਤੀ 28:19)। ਪੌਲੁਸ ਨੇ ਕਿਹਾ ਕਿ ਇੱਕ ਪਾਸਟਰ ਨੂੰ ਸਿਖਾਉਣ ਦੇ ਯੋਗ ਹੋਣਾ ਚਾਹੀਦਾ ਹੈ (1 ਤਿਮੋਥਿਉਸ 3:2)। ਇਹ ਸਿੱਖਿਆ ਚੇਲੇਪਣ ਦੇ ਕੰਮ ਦਾ ਹਿੱਸਾ ਹੈ। ਕਲੀਸੀਆ ਲੋਕਾਂ ਨੂੰ ਸਿਖਾਉਂਦੀ ਹੈ ਕਿ ਵਿਸ਼ਵਾਸੀਆਂ ਵਜੋਂ ਕਿਵੇਂ ਜੀਉਣਾ ਹੈ, ਪਰਮੇਸ਼ੁਰ ਦੀ ਮਹਿਮਾ ਲਈ ਕਿਵੇਂ ਜੀਉਣਾ ਹੈ। ਇਹ ਸਿੱਖਿਆ ਹਰ ਜਗ੍ਹਾ ਹੋਣੀ ਚਾਹੀਦੀ ਹੈ ਜਿੱਥੇ ਕਿਤੇ ਵੀ ਵਿਸ਼ਵਾਸੀ ਮੌਜੂਦ ਹਨ। ਮਜ਼ਬੂਤ ਕਲੀਸੀਆਵਾਂ ਆਪਣੇ ਲੋਕਾਂ ਨੂੰ ਬਾਈਬਲ ਦੀ ਸੱਚਾਈ ਅਤੇ ਵਿਹਾਰਕ ਤਰੀਕਿਆਂ ਬਾਰੇ ਉਦੇਸ਼ ਨਾਲ ਸਿਖਾਉਣ ਲਈ ਲੈਸ ਹਨ।

**ਕਲੀਸੀਆ ਨੂੰ ਸਿਖਲਾਈ ਦੇਣੀ ਚਾਹੀਦੀ ਹੈ।**

> ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜੇਹਿਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ (2 ਤਿਮੋਥਿਉਸ 2:2)।

ਸਿੱਖਿਆ ਦੇਣ ਦੀ ਜ਼ਰੂਰਤ ਸੇਵਕਾਈ ਦੀ ਸਿਖਲਾਈ ਦੇਣ ਦੀ ਜ਼ਰੂਰਤ ਪੈਦਾ ਕਰਦੀ ਹੈ। ਪੌਲੁਸ ਨੇ ਤਿਮੋਥਿਉਸ ਨੂੰ ਉਨ੍ਹਾਂ ਮਨੁੱਖਾਂ ਨੂੰ ਸਿਖਲਾਈ ਦੇਣ ਲਈ ਕਿਹਾ ਜੋ ਦੂਜਿਆਂ ਨੂੰ ਸਿੱਖਿਆ ਦੇਣ ਯੋਗ ਹੋ ਸਕਦੇ (2 ਤਿਮੋਥਿਉਸ 2:2)। ਸਿਖਲਾਈ ਦੇਣਾ ਸਿਰਫ਼ ਜਾਣਕਾਰੀ ਦੀ ਸਿੱਖਿਆ ਨਹੀਂ ਹੈ। ਸਿਖਲਾਈ ਦੇਣਾ ਸਿਰਫ਼ ਵਿਸ਼ਵਾਸੀਆਂ ਨੂੰ ਆਪਣੇ ਫਾਇਦੇ ਲਈ ਸਿਖਾਉਣਾ ਨਹੀਂ ਹੈ। ਸਿਖਲਾਈ ਦੇਣਾ ਵਿਸ਼ਵਾਸੀਆਂ ਨੂੰ ਦੂਜਿਆਂ ਦੀ ਮਦਦ ਕਰਨ ਲਈ ਤਿਆਰ ਕਰਦਾ ਹੈ।

ਯਿਸੂ ਨੇ ਸੇਵਕਾਈ ਦੀ ਸਿਖਲਾਈ ਦੇਣ ਦੀ ਪ੍ਰਾਥਮਿਕਤਾ ਨੂੰ ਵਿਖਾਇਆ। ਆਪਣੀ ਸੇਵਕਾਈ ਦੇ ਅਰੰਭ ਵਿਚ, ਉਸ ਨੇ ਕੁਝ ਮਨੁੱਖਾਂ ਨੂੰ ਚੁਣਿਆ ਜਿਨ੍ਹਾਂ ਨੇ ਕਲੀਸੀਆ ਦੀ ਅਗਵਾਈ ਅਤੇ ਵਿਸਥਾਰ ਕਰਨਾ ਸੀ। ਉਸ ਨੇ ਆਪਣਾ ਸਾਰਾ ਸਮਾਂ ਲੋਕਾਂ ਦੀਆਂ ਭੀੜਾਂ ਨੂੰ ਪਰਚਾਰ ਕਰਨ ਵਿੱਚ ਨਹੀਂ ਲਾਇਆ; ਬਲਕਿ, ਉਹ ਅਕਸਰ ਬਾਰਾਂ ਆਗੂਆਂ ਨੂੰ ਸਿਖਲਾਈ ਦੇਣ ਲਈ ਸਮਾਂ ਕੱਢਦਾ ਸੀ। ਉਸ ਨੇ ਉਨ੍ਹਾਂ ਲੋਕਾਂ ਦੇ ਰਾਹੀਂ ਆਪਣੀ ਸੇਵਕਾਈ ਨੂੰ ਵਧਾਇਆ ਜਿਨ੍ਹਾਂ ਨੂੰ ਉਸ ਨੇ ਸਿਖਲਾਈ ਦਿੱਤੀ ਸੀ।

**ਸ਼ੈਫਰਡਸ ਗਲੋਬਲ ਕਲਾਸਰੂਮ ਸਥਾਨਕ ਸੇਵਕਾਈਆਂ ਦੁਆਰਾ ਸੰਚਾਲਿਤ ਕੀਤੇ ਜਾਣ ਲਈ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਨੂੰ ਸਿਖਲਾਈ ਦੇਣ ਵਾਲਾ ਪ੍ਰੋਗਰਾਮ ਪ੍ਰਦਾਨ ਕਰਦਾ ਹੈ।**

# ਸਥਾਨਕ ਸੇਵਕਾਈ ਵਾਸਤੇ ਸਿਖਲਾਈ ਦੇਣ ਦੇ ਉਦੇਸ਼

## ਪਾਸਬਾਨਾਂ ਨੂੰ ਸਿਖਲਾਈ ਦੇਣ ਲਈ

ਪਾਸਬਾਨਾਂ ਨੂੰ ਡਾਕਟ੍ਰਿਨ (ਸਿੱਖਿਆ), ਬਾਈਬਲ ਦੀ ਵਿਆਖਿਆ, ਪਰਚਾਰ ਕਰਨ ਅਤੇ ਚੇਲੇ ਬਣਾਉਣ ਦੇ ਤਰੀਕਿਆਂ ਬਾਰੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਦੁਨੀਆਂ ਭਰ ਦੀਆਂ ਹਜ਼ਾਰਾਂ ਕਲੀਸੀਆਵਾਂ ਦੀ ਅਗਵਾਈ ਅਜਿਹੇ ਪਾਸਬਾਨ ਕਰਦੇ ਹਨ ਜਿਨ੍ਹਾਂ ਕੋਲ ਕੁਝ ਛਪੇ ਸ੍ਰੋਤ (ਪੁਸਤਕਾਂ) ਹਨ ਅਤੇ ਕੋਈ ਉਦੇਸ਼ਪੂਰਨ ਸਿਖਲਾਈ ਨਹੀਂ ਹੁੰਦੀ ਹੈ। ਬਹੁਤ ਸਾਰੇ ਪਾਸਬਾਨ ਸਿਖਲਾਈ ਪ੍ਰਾਪਤ ਨਹੀਂ ਹਨ ਅਤੇ ਦੂਜਿਆਂ ਨੂੰ ਸਿਖਲਾਈ ਦੇਣ ਦੇ ਯੋਗ ਮਹਿਸੂਸ ਨਹੀਂ ਕਰਦੇ ਹਨ।

ਦੁਨੀਆਂ ਭਰ ਦੇ ਜ਼ਿਆਦਾਤਰ ਸੰਭਾਵੀ ਪਾਸਬਾਨ ਸਿਖਲਾਈ ਪ੍ਰਾਪਤ ਕਰਨ ਲਈ ਬਾਈਬਲ ਕਾਲਜ ਵਿੱਚ ਨਹੀਂ ਜਾ ਸਕਦੇ ਹਨ। ਉਨ੍ਹਾਂ ਦੇ ਲਈ ਕਈ ਸਾਲਾਂ ਤੱਕ ਆਪਣੇ ਪਰਿਵਾਰ, ਰੁਜ਼ਗਾਰ ਅਤੇ ਸੇਵਕਾਈਆਂ ਨੂੰ ਛੱਡ ਕੇ ਕਿਤੇ ਕਲਾਸਾਂ ਵਿੱਚ ਜਾਣਾ ਵਿਹਾਰਕ ਨਹੀਂ ਹੈ। ਉਨ੍ਹਾਂ ਨੂੰ ਸਥਾਨਕ ਸਿਖਲਾਈ ਦੀ ਲੋੜ ਹੈ।

## ਗਵਾਹਾਂ ਨੂੰ ਸਿਖਲਾਈ ਦੇਣ ਲਈ

ਕੋਈ ਵੀ ਵਿਅਕਤੀ ਜਿਸ ਨੇ ਪਰਮੇਸ਼ੁਰ ਦੀ ਬਚਾਉਣ ਵਾਲੀ ਕਿਰਪਾ ਦਾ ਅਨੁਭਵ ਕੀਤਾ ਹੈ, ਉਹ ਖੁਸ਼ਖ਼ਬਰੀ ਦਾ ਪਰਚਾਰ ਕਰਨ ਦੇ ਯੋਗ ਹੈ। ਲੋਕ ਉਸ ਬਾਰੇ ਦੱਸ ਸਕਦੇ ਹਨ ਜੋ ਪਰਮੇਸ਼ੁਰ ਨੇ ਉਨ੍ਹਾਂ ਲਈ ਕੀਤਾ ਹੈ। ਉਨ੍ਹਾਂ ਦੀਆਂ ਗਵਾਹੀਆਂ ਮੰਨਣਯੋਗ ਹੋ ਸਕਦੀਆਂ ਹਨ, ਖ਼ਾਸਕਰ ਉਨ੍ਹਾਂ ਲੋਕਾਂ ਲਈ ਜੋ ਉਨ੍ਹਾਂ ਨੂੰ ਜਾਣਦੇ ਹਨ ਅਤੇ ਉਨ੍ਹਾਂ ਦੇ ਜੀਵਨ ਵਿੱਚ ਬਦਲਾਅ ਨੂੰ ਵੇਖਦੇ ਹਨ।

ਪਰ, ਕਈ ਵਾਰ ਕੋਈ ਵਿਅਕਤੀ ਖੁਸ਼ਖ਼ਬਰੀ ਬਾਰੇ ਜ਼ਰੂਰੀ ਗੱਲਾਂ ਦੀ ਵਿਆਖਿਆ ਕਰਨ ਦੇ ਯੋਗ ਨਹੀਂ ਹੁੰਦਾ। ਜੇ ਸੁਣਨ ਵਾਲੇ ਅਜਿਹੀ ਸਥਿਤੀ ਵਿੱਚ ਹਨ ਜੋ ਉਸ ਵਿਅਕਤੀ ਦੀ ਗਵਾਹੀ ਤੋਂ ਵੱਖਰੀ ਜਾਪਦੀ ਹੈ, ਤਾਂ ਉਹ ਸ਼ਾਇਦ ਇਹ ਨਾ ਸਮਝ ਸਕਣ ਕਿ ਉਹ ਉਸੇ ਬਦਲਾਅ ਦਾ ਅਨੁਭਵ ਕਿਵੇਂ ਕਰ ਸਕਦੇ ਹਨ।

ਇੱਥੋਂ ਤੱਕ ਕਿ ਇੱਕ ਵਿਅਕਤੀ ਜੋ ਸਾਲਾਂ ਤੋਂ ਵਿਸ਼ਵਾਸੀ ਹੈ ਉਹ ਆਪਣੇ ਸਮਾਜ ਵਿੱਚ ਖੁਸ਼ਖ਼ਬਰੀ ਦਾ ਪਰਚਾਰ ਕਰਨ ਵਿੱਚ ਅਸਮਰੱਥ ਮਹਿਸੂਸ ਕਰ ਸਕਦਾ ਹੈ ਕਿਉਂਕਿ ਉਹ ਮਸੀਹੀਅਤ ਬਾਰੇ ਸਵਾਲਾਂ ਦੇ ਜਵਾਬ ਦੇਣ ਵਿੱਚ ਅਸਮਰੱਥ ਹੈ। ਇਹ ਵਿਸ਼ਵਾਸੀ ਮਸੀਹੀ ਬਣਨ ਦੇ ਆਪਣੇ ਅਨੁਭਵ, ਅਰਾਧਨਾ ਦੇ ਜਜ਼ਬਾਤਾਂ ਅਤੇ ਅਤੇ ਮਸੀਹ ਦੀ ਦੇਹ ਵਿੱਚ ਦੂਜਿਆਂ ਨਾਲ ਸੰਗਤੀ ਕਰਨਾ ਕਿਹੋ ਜਿਹਾ ਹੈ ਬਾਰੇ ਜਾਣਦਾ/ਜਾਣਦੀ ਹੈ ਪਰ ਇਨ੍ਹਾਂ ਗੱਲਾਂ ਦੀ ਵਿਆਖਿਆ ਕਰਨ ਦੇ ਯੋਗ ਨਹੀਂ ਹੁੰਦਾ।

ਕਈ ਵਾਰ ਕਿਸੇ ਸਮਾਜ ਦੇ ਲੋਕ ਮਸੀਹਤ ਦੇ ਵਿਰੋਧੀ ਹੁੰਦੇ ਹਨ। ਉਹ ਮਸੀਹ ਦੇ ਪਿੱਛੇ ਚੱਲਣ ਵਾਲੇ ਅਜਿਹੇ ਲੋਕਾਂ ਦਾ ਆਦਰ ਕਰਨਾ ਸਿੱਖ ਸਕਦੇ ਹਨ ਜੋ ਇੱਕ ਚੰਗਾ ਜੀਵਨ ਜੀਉਂਦੇ ਹਨ, ਪਰ ਉਨ੍ਹਾਂ ਨੂੰ ਮਸੀਹੀ ਨਿਹਚਾ ਦੀਆਂ ਵਿਆਖਿਆਵਾਂ ਸੁਣਨ ਦੀ ਵੀ ਲੋੜ ਹੁੰਦੀ ਹੈ।

ਇੱਕ ਵਿਅਕਤੀ ਖੁਸ਼ਖ਼ਬਰੀ ਦੇ ਸਿਧਾਂਤਾਂ ਅਤੇ ਖੁਸ਼ਖ਼ਬਰੀ ਦਾ ਸਮਰਥਨ ਕਰਨ ਵਾਲੇ ਬੁਨਿਆਦੀ ਸਿਧਾਂਤਾਂ ਨੂੰ ਸਿੱਖ ਕੇ ਵਧੇਰੇ ਪ੍ਰਭਾਵਸ਼ਾਲੀ ਗਵਾਹ ਬਣ ਸਕਦਾ ਹੈ।

## ਕਲੀਸੀਆ ਦੀ ਰੱਖਿਆ ਕਰਨ ਲਈ

ਪਾਸਬਾਨ ਚੰਗੀ ਸਿੱਖਿਆ ਨਾਲ ਆਪਣੀਆਂ ਕਲੀਸੀਆਵਾਂ ਦੀ ਰੱਖਿਆ ਕਰਨ ਲਈ ਜ਼ਿੰਮੇਵਾਰ ਹਨ (ਤੀਤੁਸ 1:9-14)। ਝੂਠੀਆਂ ਕਲੀਸੀਆਵਾਂ ਅਤੇ ਝੂਠੇ ਧਰਮ ਲੋਕਾਂ ਨੂੰ ਭਰਮਾਉਣ ਅਤੇ ਧੋਖਾ ਦੇਣ ਲਈ ਵਿਚਾਰਾਂ ਦੀ ਵਰਤੋਂ ਕਰਦੇ ਹਨ। ਅਫ਼ਸੋਸ ਦੀ ਗੱਲ ਹੈ ਕਿ ਬਹੁਤ ਸਾਰੇ ਲੋਕ ਜੋ ਇੱਕ ਵਾਰ ਮਸੀਹ ਵਿੱਚ ਆ ਗਏ ਸਨ, ਬਾਅਦ ਵਿੱਚ ਇੱਕ ਝੂਠੀ ਕਲੀਸੀਆ ਵੱਲ ਚਲੇ ਗਏ।

ਪਾਸਬਾਨ ਨੂੰ ਲੋਕਾਂ ਨੂੰ ਬਾਈਬਲ ਦੇ ਸਿਧਾਂਤ ਸਿਖਾਉਣੇ ਚਾਹੀਦੇ ਹਨ ਤਾਂ ਜੋ ਲੋਕ ਆਪਣੀ ਨਿਹਚਾ ਵਿੱਚ ਪੱਕੇ ਹੋ ਸਕਣ। ਕਲੀਸੀਆ ਦੇ ਸਾਰੇ ਲੋਕਾਂ ਤੱਕ ਪਹੁੰਚ ਕਰਨ ਲਈ ਸਿੱਖਿਆ ਉਦੇਸ਼ਪੂਰਨ ਅਤੇ ਵਿਵਸਥਿਤ ਅਤੇ ਵੱਖ-ਵੱਖ ਪੱਧਰਾਂ ਤੇ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

## ਸੇਵਕਾਈ ਟੀਮ ਦਾ ਵਿਸਥਾਰ ਕਰਨ ਦੇ ਲਈ

ਖੇਡਣ ਵਾਲੀ ਟੀਮ ਵਿੱਚ ਇੱਕ ਸਮੂਹ ਉਨ੍ਹਾਂ ਖਿਡਾਰੀਆਂ ਦਾ ਹੁੰਦਾ ਹੈ ਜੋ ਟੀਮ ਵਿੱਚ ਹਮੇਸ਼ਾ ਖੇਡਦੇ ਤਾਂ ਨਹੀਂ ਪਰ ਟੀਮ ਦੇ ਨਾਲ-ਨਾਲ ਰਹਿੰਦੇ ਹਨ। ਉਹ ਪ੍ਰਮੁੱਖ ਖਿਡਾਰੀਆਂ ਦੀ ਤੁਲਨਾ ਵਿੱਚ ਜਵਾਨ ਅਤੇ ਘੱਟ ਅਨੁਭਵੀ ਹੋ ਸਕਦੇ ਹਨ, ਪਰ ਉਹ ਸਿੱਖ ਰਹੇ ਹੁੰਦੇ ਹਨ। ਉਨ੍ਹਾਂ ਵਿੱਚੋਂ ਕੁਝ ਖਿਡਾਰੀਆਂ ਵਿੱਚ ਵਿਸ਼ੇਸ਼ ਯੋਗਤਾਵਾਂ ਹੁੰਦੀਆਂ ਹਨ ਜਿਨ੍ਹਾਂ ਦੀ ਕਈ ਵਿਸ਼ੇਸ਼ ਸਮਿਆਂ ਤੇ ਲੋੜ ਹੁੰਦੀ ਹੈ।

ਇੱਕ ਤੰਦਰੁਸਤ, ਵਧ ਰਹੀ ਕਲੀਸੀਆ ਵਿੱਚ ਵੀ ਇੱਕ "ਸਮੂਹ" ਹੋਣਾ ਚਾਹੀਦਾ ਹੈ। ਇਹ ਸੋਚਣਾ ਗਲਤ ਹੈ ਕਿ ਆਗੂਪੁਣੇ ਦੇ ਅਹੁਦੇ ਭਰੇ ਜਾਣ ਦੇ ਕਾਰਣ ਟੀਮ ਪੂਰੀ ਹੋ ਗਈ ਹੈ। ਇੱਕ ਸੇਵਕਾਈ ਆਪਣੀਆਂ ਸੀਮਾਵਾਂ ਤੱਕ ਪਹੁੰਚ ਜਾਂਦੀ ਹੈ ਅਤੇ ਉਦੋਂ ਤੱਕ ਵਿਕਾਸ ਕਰਨਾ ਜਾਰੀ ਨਹੀਂ ਰੱਖਦੀ ਜਦੋਂ ਤੱਕ ਸੇਵਕਾਈ ਦੇ ਨਵੇਂ ਤਰੀਕਿਆਂ ਨੂੰ ਸ਼ੁਰੂ ਕਰਨ ਵਿੱਚ ਮਦਦ ਕਰਨ ਲਈ ਆਗੂ ਨਾ ਹੋਣ।

ਇੱਕ ਤੰਦਰੁਸਤ ਕਲੀਸੀਆ ਵਿੱਚ ਅਜਿਹੇ ਲੋਕਾਂ ਦਾ "ਸਮੂਹ" ਹੋਣਾ ਚਾਹੀਦਾ ਹੈ ਜਿਹੜੇ ਵਿਕਾਸ ਕਰ ਰਹੇ ਹਨ ਅਤੇ ਅਭਿਆਸ ਕਰ ਰਹੇ ਹਨ। ਇਸ ਦੇ ਲਈ ਸਥਾਨਕ ਪੱਧਰ ਤੇ ਸਿਖਲਾਈ ਦੀ ਲੋੜ ਹੈ। ਇਸ ਲਈ, ਸੇਵਕਾਈ ਦੀ ਸਿਖਲਾਈ ਸਿਰਫ਼ ਉਨ੍ਹਾਂ ਲੋਕਾਂ ਲਈ ਨਹੀਂ ਹੈ ਜੋ ਸੇਵਕਾਈ  ਦੇ ਅਹੁਦਿਆਂ ਤੇ ਹਨ।

ਪਾਸਬਾਨ ਦਾ ਕੰਮ ਸਥਾਨਕ ਸਿਖਲਾਈ ਦੇਣਾ ਹੈ। ਪਾਸਬਾਨ ਸਾਰੀ ਸਿਖਲਾਈ ਖੁਦ ਦੇਣ ਦੇ ਯੋਗ ਨਹੀਂ ਹੋਵੇਗਾ, ਪਰ ਉਸ ਨੂੰ ਇਸ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਸ ਨੂੰ ਲੋਕਾਂ ਦੀ ਇੱਕ ਟੀਮ ਦੀ ਜ਼ਰੂਰਤ ਹੈ ਜੋ ਸੇਵਾ ਵਿੱਚ ਵੱਖ-ਵੱਖ ਭੂਮਿਕਾਵਾਂ ਨਿਭਾਉਂਦੇ ਹੋਣ।

> ਉਹ ਨੇ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ, ਕਈਆਂ ਨੂੰ ਪਰਚਾਰਕ, ਕਈਆਂ ਨੂੰ ਪਾਸਬਾਨ ਅਤੇ ਉਸਤਾਦ ਕਰਕੇ ਦੇ ਦਿੱਤਾ, ਤਾਂ ਜੋ ਸੇਵਕਾਈ ਦੇ ਕੰਮ ਲਈ ਸੰਤ ਸਿੱਧ ਹੋਣ ਅਤੇ ਮਸੀਹ ਦੀ ਦੇਹੀ ਉਸਰਦੀ ਜਾਵੇ, ਜਦੋਂ ਤੀਕ ਅਸੀਂ ਸੱਭੇ ਨਿਹਚਾ ਦੀ ਅਤੇ ਪਰਮੇਸ਼ੁਰ ਦੇ ਪੁੱਤ੍ਰ ਦੀ ਪਛਾਣ ਦੀ ਏਕਤਾ ਅਤੇ ਪੂਰੇ ਮਰਦਾਊਪਣੇ ਤੀਕ ਅਰਥਾਤ ਮਸੀਹ ਦੀ ਪੂਰੀ ਡੀਲ ਦੇ ਅੰਦਾਜ਼ੇ ਤੀਕ ਨਾ ਪਹੁੰਚੀਏ, ਭਈ ਅਸੀਂ ਅਗਾਹਾਂ ਨੂੰ ਇਆਣੇ ਨਾ ਰਹੀਏ ਜਿਹੜੇ ਮਨੁੱਖਾਂ ਦੀ ਠੱਗ ਵਿੱਦਿਆ ਅਤੇ ਭੁਲਾਉਣ ਵਾਲੀ ਛਲ ਛਿੱਦ੍ਰ ਰੂਪੀ ਚਤਰਾਈ ਨਾਲ ਸਿੱਖਿਆ ਦੇ ਹਰੇਕ ਬੁੱਲੇ ਨਾਲ ਐਧਰ ਉੱਧਰ ਡੋਲਦੇ ਫਿਰਦੇ ਹਨ। ਸਗੋਂ ਅਸੀਂ ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆਂ ਉਸ ਵਿੱਚ ਜੋ ਸਿਰ ਹੈ ਅਰਥਾਤ ਮਸੀਹ ਵਿੱਚ ਹਰ ਤਰਾਂ ਵਧਦੇ ਜਾਈਏ (ਅਫ਼ਸੀਆਂ 4:11-15)।



ਪਰਮੇਸ਼ੁਰ ਸਥਾਨਕ ਕਲੀਸੀਆ ਦੇ ਲੋਕਾਂ ਨੂੰ ਕਲੀਸੀਆ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਲੋੜੀਂਦੀਆਂ ਦਾਤਾਂ ਅਤੇ ਯੋਗਤਾਵਾਂ ਦਿੰਦਾ ਹੈ। ਕਲੀਸੀਆ ਨੂੰ ਲੋਕਾਂ ਨੂੰ ਉਦੇਸ਼ਪੂਰਣ ਢੰਗ ਨਾਲ ਵਿਕਸਤ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

## ਸਥਾਨਕ ਕਲੀਸੀਆ ਨੂੰ ਮਜ਼ਬੂਤ ਕਰਨ ਲਈ

ਸਥਾਨਕ ਕਲੀਸੀਆ ਦੀ ਸਥਾਨਕ ਪੱਧਰ ਤੇ ਅਗਵਾਈ ਕੀਤੀ ਜਾਂਦੀ ਹੈ, ਸਥਾਨਕ ਤੌਰ ਤੇ ਸਹਾਇਤਾ ਕੀਤੀ ਜਾਂਦੀ ਹੈ ਅਤੇ ਇਹ ਸਥਾਨਕ ਲੋਕਾਂ ਦੀ ਹੁੰਦੀ ਹੈ। ਇਹ ਵਿਦੇਸ਼ੀ ਸਹਾਇਤਾ ਜਾਂ ਦਿਸ਼ਾ ਤੇ ਨਿਰਭਰ ਨਹੀਂ ਹੁੰਦੀ। ਕਲੀਸੀਆਵਾਂ ਦੀ ਤੰਦਰੁਸਤੀ ਅਤੇ ਵਿਕਾਸ ਲਈ ਸਥਾਨਕ ਬਲ ਮਹੱਤਵਪੂਰਣ ਹੈ।

ਸਥਾਨਕ ਕਲੀਸੀਆ ਆਪਣੇ ਸੱਭਿਆਚਾਰ ਵਿੱਚ ਆਪਣੇ ਘਰ ਵਿੱਚ ਹੀ ਹੈ। ਇਹ ਕੋਈ ਵਿਦੇਸ਼ੀ ਕਲੀਸੀਆ ਨਹੀਂ ਹੈ।

ਇੱਕ ਤੰਦਰੁਸਤ ਸਥਾਨਕ ਕਲੀਸੀਆ ਦੇ ਬਹੁਤ ਸਾਰੇ ਫਾਇਦੇ ਹਨ:

1. ਇਹ ਆਪਣੇ ਸੱਭਿਆਚਾਰ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਖੁਸ਼ਖ਼ਬਰੀ ਦਾ ਪਰਚਾਰ ਕਰਦੀ ਅਤੇ ਚੇਲੇ ਬਣਾਉਂਦੀ ਹੈ।
2. ਕਲੀਸੀਆ ਵਿਦੇਸ਼ੀ ਨਿਰਭਰਤਾ ਤੋਂ ਬਿਨਾਂ ਮਸੀਹ ਦੀ ਦੇਹ ਵਜੋਂ ਪਰਿਪੱਕ ਹੁੰਦੀ ਹੈ ਅਤੇ ਕੰਮ ਕਰਦੀ ਹੈ।
3. ਆਗੂ ਆਪਣੀ ਪੂਰੀ ਸਮਰੱਥਾ ਦਾ ਵਿਕਾਸ ਕਰਦੇ ਹਨ।
4. ਸਥਾਨਕ ਭਾਗੀਦਾਰ ਸੇਵਕਾਈ ਦੇ ਲਈ ਸਹਾਇਤਾ ਅਤੇ ਜਵਾਬਦੇਹੀ ਪ੍ਰਦਾਨ ਕਰਦੇ ਹਨ।

ਕੁਝ ਸਥਾਨਕ ਕਲੀਸੀਆਵਾਂ ਤੰਦਰੁਸਤ ਨਹੀਂ ਹਨ ਕਿਉਂਕਿ ਉਨ੍ਹਾਂ ਵਿੱਚ ਸਿਧਾਂਤਕ ਸਥਿਰਤਾ ਅਤੇ ਮਸੀਹੀ ਜੀਵਨ ਦੇ ਬਾਈਬਲ ਦੇ ਮਾਪਦੰਡਾਂ ਦੀ ਘਾਟ ਹੈ। ਉਹ ਆਪਣੇ ਤਬਕਿਆਂ ਨੂੰ ਇੱਕ ਸ਼ਕਤੀਸ਼ਾਲੀ, ਨਿਰੰਤਰ ਗਵਾਹੀ ਨਾਲ ਪ੍ਰਭਾਵਿਤ ਕਰਨ ਵਿੱਚ ਅਸਫ਼ਲ ਰਹਿੰਦੇ ਹਨ। ਉਹ ਉਨ੍ਹਾਂ ਆਗੂਆਂ ਦੇ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ ਜਿਨ੍ਹਾਂ ਵਿੱਚ ਪ੍ਰਤਿਭਾ ਹੈ ਪਰ ਚਰਿੱਤਰ ਦੀ ਘਾਟ ਹੈ। ਉਨ੍ਹਾਂ ਕੋਲ ਆਗੂਪੁਣੇ ਦੇ ਵਿਕਾਸ ਲਈ ਪ੍ਰੋਗਰਾਮ ਦੀ ਘਾਟ ਹੈ। ਉਨ੍ਹਾਂ ਨੂੰ ਸਥਾਨਕ ਸੇਵਕਾਈ ਦੀ ਸਿਖਲਾਈ ਲਈ ਇੱਕ ਕਾਰਜਕ੍ਰਮ ਦੀ ਲੋੜ ਹੈ।

ਕਈ ਵਾਰ ਇੱਕ ਕਲੀਸੀਆ ਨੂੰ ਵਿਦੇਸ਼ੀ ਮਿਸ਼ਨਰੀਆਂ ਦੁਆਰਾ ਇਸ ਟੀਚੇ ਨਾਲ ਸ਼ੁਰੂ ਕੀਤਾ ਜਾਂਦਾ ਹੈ ਕਿ ਕਲੀਸੀਆ ਆਖ਼ਰਕਾਰ ਸਥਾਨਕ ਬਣ ਜਾਵੇ। ਉੱਨਤੀ ਦੇ ਮਾਪਾਂ ਵਿੱਚ ਸਥਾਨਕ ਸਹਾਇਤਾ ਵਿੱਚ ਵਾਧਾ ਅਤੇ ਸਥਾਨਕ ਆਗੂਆਂ ਦੀ ਵਧਦੀ ਹੋਈ ਜ਼ਿੰਮੇਵਾਰੀ ਸ਼ਾਮਲ ਹੈ।

ਉਨ੍ਹਾਂ ਸਥਾਨਕ ਆਗੂਆਂ ਦੇ ਵਿਕਾਸ ਦੇ ਲਈ ਸਥਾਨਕ ਪੱਧਰ ਤੇ ਸਿਖਲਾਈ ਜ਼ਰੂਰੀ ਹੈ ਜਿਹੜੇ ਸਿਧਾਂਤ ਸਿਖਾਉਂਦੇ ਹਨ, ਵਿਹਾਰਕ ਜੀਵਨ ਲਈ ਨਿਹਚਾ ਲਾਗੂ ਕਰਦੇ ਹਨ ਅਤੇ ਚੰਗੀ ਸੇਵਕਾਈ ਦੀਆਂ ਸ਼ੈਲੀਆਂ ਅਤੇ ਰਣਨੀਤੀਆਂ ਵਿਕਸਿਤ ਕਰਦੇ ਹਨ।

## ਕਲੀਸੀਆਵਾਂ ਸਥਾਪਤ ਕਰਨ ਦੇ ਲਈ

ਇਹ ਅਫ਼ਸੋਸ ਦੀ ਗੱਲ ਹੈ ਕਿ ਬਹੁਤ ਸਾਰੀਆਂ ਕਲੀਸੀਆਵਾਂ ਸਾਲਾਂ ਤੱਕ ਚਲਦੀਆਂ ਰਹਿੰਦੀਆਂ ਹਨ ਪਰ ਦੂਜੇ ਸਮਾਜਾਂ ਤੱਕ ਖੁਸ਼ਖ਼ਬਰੀ ਨਹੀਂ ਪਹੁੰਚਾਉਂਦੀਆਂ। ਕਲੀਸੀਆਵਾਂ ਨੂੰ ਸਿਖਲਾਈ ਦੇਣੀ ਚਾਹੀਦੀ ਹੈ ਅਤੇ ਖੁਸ਼ਖ਼ਬਰੀ ਪਰਚਾਰਕਾਂ ਦੀਆਂ ਟੀਮਾਂ ਨੂੰ ਉਨ੍ਹਾਂ ਇਲਾਕਿਆਂ ਵਿੱਚ ਭੇਜਣਾ ਚਾਹੀਦਾ ਹੈ ਜਿੱਥੇ ਕਲੀਸੀਆਵਾਂ ਦੀ ਘਾਟ ਹੈ। ਅਜਿਹੀ ਟੀਮ ਦਾ ਟੀਚਾ ਮਸੀਹੀ ਬਣੇ ਲੋਕਾਂ ਦਾ ਇੱਕ ਨਵਾਂ ਸਮੂਹ ਬਣਾਉਣਾ ਹੈ ਜੋ ਇੱਕ ਕਲੀਸੀਆ ਬਣ ਜਾਵੇ।

ਕੁਝ ਖੁਸ਼ਖ਼ਬਰੀ ਪਰਚਾਰਕਾਂ ਨੂੰ ਮਸੀਹੀ ਬਣੇ ਲੋਕਾਂ ਦੇ ਸਮੂਹਾਂ ਨੂੰ ਕਲੀਸੀਆਵਾਂ ਬਣਨ ਵਿੱਚ ਮਦਦ ਕਰਨ ਲਈ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੂੰ ਨਵੇਂ ਵਿਸ਼ਵਾਸੀਆਂ ਨੂੰ ਮਸੀਹੀ ਜੀਵਨ ਜੀਉਣ ਦਾ ਤਰੀਕਾ ਸਿਖਾ ਕੇ ਉਨ੍ਹਾਂ ਨੂੰ ਚੇਲੇ ਬਣਾਉਣ ਦੇ ਯੋਗ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਮਸੀਹੀ ਬਣੇ ਲੋਕਾਂ ਨੂੰ ਖੁਸ਼ਖ਼ਬਰੀ ਪਰਚਾਰ ਕਰਨ ਅਤੇ ਸੇਵਕਾਈ ਦੀਆਂ ਜ਼ਿੰਮੇਵਾਰੀਆਂ ਲੈਣ ਲਈ ਸਿਖਲਾਈ ਦੇਣ ਦੇ ਯੋਗ ਹੋਣਾ ਚਾਹੀਦਾ ਹੈ।

ਜ਼ਿਆਦਾਤਰ ਨਵੀਆਂ ਕਲੀਸੀਆਵਾਂ ਦੀ ਅਗਵਾਈ ਇੱਕ ਸਥਾਨਕ ਵਿਅਕਤੀ ਦੁਆਰਾ ਕੀਤੀ ਜਾਵੇਗੀ, ਨਾ ਕਿ ਕਿਸੇ ਪਾਸਬਾਨ ਦੁਆਰਾ ਜੋ ਕਿ ਸਮਾਜ ਵਿੱਚ ਰਹਿਣ ਲਈ ਕਿਸੇ ਹੋਰ ਥਾਂ ਤੋਂ ਆਉਂਦਾ ਹੈ। ਵਿੱਦਿਅਕ ਸਿਖਲਾਈ ਵਾਲੇ ਜ਼ਿਆਦਾਤਰ ਪਾਸਬਾਨ ਇੱਕ ਨਵੀਂ ਕਲੀਸੀਆ ਵਿੱਚ ਜਾਂ ਛੋਟੇ ਸ਼ਹਿਰ ਵਿੱਚ ਸੇਵਾ ਕਰਨ ਲਈ ਤਿਆਰ ਨਹੀਂ ਹੁੰਦੇ। ਸਾਨੂੰ ਸਥਾਨਕ ਵਿਸ਼ਵਾਸੀ ਨੂੰ ਸੇਵਕਾਈ ਦੀ ਸਿਖਲਾਈ ਦੇਣੀ ਚਾਹੀਦੀ ਹੈ ਜਿਸ ਨੂੰ ਪਰਮੇਸ਼ੁਰ ਦੁਆਰਾ ਕਲੀਸੀਆ ਦੀ ਅਗਵਾਈ ਕਰਨ ਲਈ ਸੱਦਿਆ ਗਿਆ ਹੈ।

## ਮਿਸ਼ਨਰੀਆਂ ਨੂੰ ਤਿਆਰ ਕਰਨ ਲਈ

ਮਿਸ਼ਨਰੀ ਉਹ ਵਿਅਕਤੀ ਹੁੰਦਾ ਹੈ ਜਿਸ ਨੂੰ ਕਲੀਸੀਆ ਵੱਲੋਂ ਖੁਸ਼ਖ਼ਬਰੀ ਦੇ ਪ੍ਰਭਾਵ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਕਿਤੇ ਭੇਜਿਆ ਜਾਂਦਾ ਹੈ। *ਮਿਸ਼ਨਰੀ* ਸ਼ਬਦ ਵਿਸ਼ੇਸ਼ ਤੌਰ ਤੇ ਉਸ ਵਿਅਕਤੀ ਲਈ ਵਰਤਿਆ ਜਾਂਦਾ ਹੈ ਜੋ ਕਿਸੇ ਹੋਰ ਦੇਸ਼ ਅਤੇ/ਜਾਂ ਕਿਸੇ ਹੋਰ ਸੱਭਿਆਚਾਰ ਵਿੱਚ ਜਾਂਦਾ ਹੈ, ਪਰ ਕਈ ਵਾਰ ਇਹ ਉਸ ਵਿਅਕਤੀ ਨੂੰ ਦਰਸਾਉਂਦਾ ਹੈ ਜੋ ਆਪਣੇ ਹੀ ਦੇਸ਼ ਵਿੱਚ ਕਿਸੇ ਹੋਰ ਤਬਕੇ ਵਿੱਚ ਜਾਂਦਾ ਹੈ।

ਖੁਸ਼ਖ਼ਬਰੀ ਸੰਸਾਰ ਦੇ ਕੁਝ ਇਲਾਕਿਆਂ ਵਿੱਚ ਤੇਜ਼ੀ ਨਾਲ ਫੈਲ ਰਹੀ ਹੈ, ਜਿਆਦਾਤਰ ਉਨ੍ਹਾਂ ਮਿਸ਼ਨਰੀਆਂ ਦੁਆਰਾ ਜੋ ਆਪਣੇ ਹੀ ਦੇਸ਼ ਦੇ ਕਿਸੇ ਹੋਰ ਇਲਾਕੇ ਵਿੱਚ ਜਾਂਦੇ ਹਨ। ਸਿਖਲਾਈ ਉਨ੍ਹਾਂ ਦੇ ਪ੍ਰਭਾਵ ਅਤੇ ਸਿਧਾਂਤਕ ਸਥਿਰਤਾ ਨੂੰ ਵਧਾਏਗੀ।

10/40 ਖਿੜਕੀ ਭੂਮੱਧ ਰੇਖਾ ਦੇ 10 ਡਿਗਰੀ ਦੱਖਣ ਤੋਂ 40 ਡਿਗਰੀ ਉੱਤਰ ਤੱਕ ਇੱਕ ਖੇਤਰ ਹੈ, ਜੋ ਉੱਤਰੀ ਅਫਰੀਕਾ ਅਤੇ ਦੱਖਣੀ ਏਸ਼ੀਆ ਵਿੱਚ ਫੈਲਿਆ ਹੋਇਆ ਹੈ ਅਤੇ ਇਸ ਵਿੱਚ ਚੀਨ ਅਤੇ ਭਾਰਤ ਦੇਸ਼ ਸ਼ਾਮਲ ਹਨ। 10/40 ਖਿੜਕੀ ਵਿੱਚ ਦੁਨੀਆਂ ਦੀ 2/3 ਆਬਾਦੀ ਸ਼ਾਮਲ ਹੈ। 10/40 ਖਿੜਕੀ ਵਿੱਚ 80% ਤੋਂ ਵੱਧ ਲੋਕਾਂ ਤੱਕ ਖੁਸ਼ਖ਼ਬਰੀ ਨਹੀਂ ਪਹੁੰਚੀ ਹੈ।

ਦੁਨੀਆਂ ਦੇ ਕੁਝ ਦੇਸ਼ਾਂ ਵਿੱਚ ਜ਼ਿਆਦਾਤਰ ਹਿੱਸੇ ਇਹੋ ਜਿਹੇ ਹਨ ਜਿੱਥੇ ਹਾਲੇ ਤੱਕ ਖੁਸ਼ਖ਼ਬਰੀ ਨਹੀਂ ਪਹੁੰਚੀ ਹੈ ਹਾਲਾਂਕਿ ਉਨ੍ਹਾਂ ਦੇ ਵੱਡੇ ਸ਼ਹਿਰਾਂ ਵਿੱਚ ਕਈ ਸਾਲਾਂ ਤੋਂ ਕਲੀਸੀਆਵਾਂ ਮੌਜੂਦ ਸਨ। ਇੱਕ ਵਿਅਕਤੀ ਕਈ ਸਾਲਾਂ ਤੱਕ ਇੱਕ ਕਲੀਸੀਆ ਵਿੱਚ ਸੇਵਾ ਕਰ ਸਕਦਾ ਹੈ ਪਰ ਫਿਰ ਵੀ ਇਹ ਨਹੀਂ ਜਾਣਦਾ ਹੈ ਕਿ ਇੱਕ ਨਵੀਂ ਜਗ੍ਹਾ ਵਿੱਚ ਸੇਵਕਾਈ ਕਿਵੇਂ ਸ਼ੁਰੂ ਕਰਨੀ ਹੈ। ਉਹ ਸਿਰਫ਼ ਇਹ ਜਾਣਦਾ ਹੈ ਕਿ ਚਰਚ ਦੀ ਇਮਾਰਤ ਵਿੱਚ ਵਿਸ਼ਵਾਸੀਆਂ ਦੇ ਸਮੂਹ ਨਾਲ ਕਿਵੇਂ ਗੱਲ ਕਰਨੀ ਹੈ। ਕਲੀਸੀਆ ਨੂੰ ਮਿਸ਼ਨਰੀਆਂ ਨੂੰ ਖੁਸ਼ਖ਼ਬਰੀ ਦਾ ਸੰਦੇਸ਼ ਲੈ ਕੇ ਜਾਣ ਲਈ ਅਤੇ ਵਿਸ਼ਵਾਸੀਆਂ ਦੇ ਇੱਕ ਸਥਾਨਕ ਪਰਿਵਾਰ ਬਣਾਉਣ ਦੇ ਟੀਚੇ ਨਾਲ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

# ਅਧਿਆਇ 2

# ਸ਼ੈਫਰਡਸ ਗਲੋਬਲ ਕਲਾਸਰੂਮ ਨਾਲ ਜਾਣ-ਪਛਾਣ

## ਸ਼ੈਫਰਡਸ ਗਲੋਬਲ ਕਲਾਸਰੂਮ ਦਾ ਦਰਸ਼ਣ

SGC ਦਾ ਦਰਸ਼ਣ ਦੁਨੀਆਂ ਵਿੱਚ ਹਰ ਥਾਂ ਉਪਲਬਧ ਸਥਾਨਕ ਸੇਵਕਾਈ ਦੀ ਸਿਖਲਾਈ ਲਈ ਇੱਕ ਪ੍ਰੋਗਰਾਮ ਬਣਾ ਕੇ ਮਸੀਹ ਦੀ ਦੇਹ (ਕਲੀਸੀਆ) ਨੂੰ ਤਿਆਰ ਕਰਨਾ ਹੈ।

ਉਬਰ ਨਾਮ ਦੀ ਟੈਕਸੀ ਕੰਪਨੀ ਹਰ ਰੋਜ਼ 5.5 ਕਰੋੜ  ਯਾਤਰੀਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਂਦੀ ਹੈ। ਇਸ ਲਈ ਕਾਰਾਂ ਵਾਲੇ ਡਰਾਈਵਰਾਂ ਦੀ ਵੱਡੀ ਲੇਬਰ ਫੋਰਸ ਦੀ ਲੋੜ ਹੁੰਦੀ ਹੈ। ਉਬਰ ਕੰਪਨੀ ਨੇ ਖੁਦ ਹਜ਼ਾਰਾਂ ਕਾਰਾਂ ਨਹੀਂ ਖਰੀਦੀਆਂ; ਬਲਕਿ, ਉਨ੍ਹਾਂ ਨੇ ਸਥਾਨਕ ਡਰਾਈਵਰਾਂ ਨੂੰ ਉਬਰ ਦੇ ਯਾਤਰੀਆਂ ਨੂੰ ਲਿਜਾਣ ਲਈ ਆਪਣੀਆਂ ਕਾਰਾਂ ਦੀ ਵਰਤੋਂ ਕਰਨ ਲਈ ਨਿਯੁਕਤ ਕੀਤਾ ਹੈ। ਉਨ੍ਹਾਂ ਨੇ ਆਪਣੇ ਕਾਰੋਬਾਰ ਲਈ ਮਜ਼ਦੂਰਾਂ ਦੀ ਸਮੱਸਿਆ ਦਾ ਹੱਲ ਕੀਤਾ। ਇਸੇ ਤਰ੍ਹਾਂ, SGC ਪਹਿਲਾਂ ਤੋਂ ਮੌਜੂਦ ਸੰਭਾਵੀ ਸਿੱਖਿਅਕਾਂ ਨੂੰ ਤਿਆਰ ਕਰਕੇ ਹਰ ਥਾਂ ਸਿਖਲਾਈ ਉਪਲਬਧ ਕਰਵਾਉਂਦਾ ਹੈ। ਪਰਮੇਸ਼ੁਰ ਨੇ ਸਥਾਨਕ ਵਿਸ਼ਵਾਸੀਆਂ ਨੂੰ ਸਿੱਖਿਆ ਦੇਣ ਦੀ ਸਮਰੱਥਾ ਅਤੇ ਇੱਛਾ ਦੀ ਦਾਤ ਦਿੱਤੀ ਹੈ।

## ਸਿੱਖਿਆ ਸੰਬੰਧੀ ਬੁਨਿਆਦ

SGC ਕਿਸੇ ਵਿਸ਼ੇਸ਼ ਸੰਸਥਾ ਤੋਂ ਮਾਨਤਾ ਪ੍ਰਾਪਤ ਨਹੀਂ ਹੈ। ਅਸੀਂ ਇਤਿਹਾਸਕ ਤ੍ਰਿਏਕਵਾਦੀ ਸਿਧਾਂਤਾਂ ਨੂੰ ਮੰਨਦੇ ਹਾਂ ਜਿਵੇਂ ਕਿ ਨਿਕਾਆ, ਚੈਲਸੀਡੋਨੀਅਨ ਅਤੇ ਅਥਾਨੇਸੀਅਨ ਪੰਥਾਂ ਵਿੱਚ ਪਰਗਟ ਕੀਤਾ ਗਿਆ ਹੈ। ਅਸੀਂ ਬਾਈਬਲ ਦੇ ਪੂਰਨ ਅਧਿਕਾਰ ਦੀ ਪਾਲਣਾ ਕਰਦੇ ਹਾਂ। ਅਸੀਂ ਕਿਰਪਾ, ਨਿਹਚਾ ਅਤੇ ਮੁਕਤੀ ਦੇ ਖੁਸ਼ਖ਼ਬਰੀ ਦੇ ਸਿਧਾਂਤਾਂ ਨੂੰ ਮੰਨਦੇ ਹਾਂ। ਅਸੀਂ ਵਿਸ਼ਵਾਸ ਕਰਦੇ ਹਾਂ ਕਿ ਵਿਸ਼ਵਾਸੀ ਵਿੱਚ ਪਰਮੇਸ਼ੁਰ ਦੀ ਕਿਰਪਾ ਦਾ ਕੰਮ ਉਸ ਨੂੰ ਇੱਕ ਪਵਿੱਤਰ ਦਿਲ ਅਤੇ ਜੇਤੂ ਜੀਵਨ ਵੱਲ ਲੈ ਜਾਂਦਾ ਹੈ।

## ਉਦੇਸ਼ਪੂਰਨ ਕੋਰਸ ਡਿਜ਼ਾਈਨ

ਸੰਭਾਵੀ ਸਥਾਨਕ ਸਿੱਖਿਅਕਾਂ ਨੂੰ ਇੱਕ ਵਿਸ਼ੇਸ਼ ਪਾਠਕ੍ਰਮ ਦੀ ਲੋੜ ਹੁੰਦੀ ਹੈ ਜੋ ਉਨ੍ਹਾਂ ਨੂੰ ਤੁਰੰਤ ਸਿਖਲਾਈ ਸੇਵਕਾਈ ਦੇ ਲਈ ਤਿਆਰ ਕਰਦਾ ਹੈ। SGC ਪਾਠਕ੍ਰਮ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਗਿਆ ਹੈ:

- ਇਹ 20 ਕੋਰਸਾਂ ਵਿੱਚ ਖੁਸ਼ਖ਼ਬਰੀ ਦੇ ਸਿਧਾਂਤ ਦਾ ਚੰਗੀ ਤਰ੍ਹਾਂ ਵਰਣਨ ਕਰਦਾ ਹੈ।
- ਇਹ ਯੋਗਤਾ ਪ੍ਰਾਪਤ, ਤਜਰਬੇਕਾਰ, ਅੰਤਰ-ਸੱਭਿਆਚਾਰਕ ਸਿਖਲਾਈ ਦੇਣ ਵਾਲਿਆਂ ਦੁਆਰਾ ਵਿਕਸਤ ਕੀਤਾ ਗਿਆ ਹੈ।
- ਇਹ ਕਿਸੇ ਵੀ ਸੱਭਿਆਚਾਰ ਵਿੱਚ ਉਪਯੋਗੀ ਹੈ।
- ਇਹ ਸਪਸ਼ਟ ਅਤੇ ਸਰਲ ਭਾਸ਼ਾ ਵਿੱਚ ਲਿਖਿਆ ਗਿਆ ਹੈ।
- ਇਹ ਸੰਪਰਦਾਇਕ ਵਿਸ਼ੇਸ਼ਤਾਵਾਂ ਤੋਂ ਬਿਨਾਂ ਖੁਸ਼ਖ਼ਬਰੀ ਦੀ ਸੱਚਾਈ ਤੇ ਜ਼ੋਰ ਦਿੰਦਾ ਹੈ।
- ਇਹ ਜੀਵਨ ਅਤੇ ਸੇਵਕਾਈ ਦੇ ਲਈ ਵਿਹਾਰਕ ਅਤੇ ਢੁਕਵਾਂ ਹੈ।
- ਇਹ ਵੱਖ-ਵੱਖ ਸੰਦਰਭਾਂ ਅਤੇ ਸਮੂਹਾਂ ਦੀਆਂ ਕਿਸਮਾਂ ਵਿੱਚ ਢਲਣਯੋਗ ਹੈ।
- ਇਹ ਕਈ ਭਾਸ਼ਾਵਾਂ ਵਿੱਚ ਉਪਲਬਧ ਹੈ।

- ਇਹ ਉਨ੍ਹਾਂ ਦਾਤਾਂ ਦੀ ਵਰਤੋਂ ਕਰਦਾ ਹੈ ਜੋ ਪਰਮੇਸ਼ੁਰ ਸਥਾਨਕ ਕਲੀਸੀਆਵਾਂ ਨੂੰ ਦਿੰਦਾ ਹੈ।
- ਇਹ ਆਗੂਆਂ ਨੂੰ ਸਿਖਲਾਈ ਦੇਣ ਵਾਲੇ ਬਣਨ ਲਈ ਤਿਆਰ ਕਰਦਾ ਹੈ ਜਿਹੜੇ ਸਥਾਨਕ ਪ੍ਰੋਗਰਾਮ ਸਥਾਪਤ ਕਰਦੇ ਹਨ।
- ਇਹ ਤੇਜ਼ੀ ਨਾਲ ਵਿਦਿਆਰਥੀਆਂ ਨੂੰ ਦੂਜਿਆਂ ਨੂੰ ਸਿਖਾਉਣ ਲਈ ਤਿਆਰ ਕਰਦਾ ਹੈ।
- ਇਹ ਸਮੂਹ ਵਿੱਚ ਸਿੱਖਣ ਦੇ ਲਈ ਤਿਆਰ ਕੀਤਾ ਗਿਆ ਹੈ ਪਰ ਵਿਅਕਤੀਗਤ ਅਧਿਐਨ ਲਈ ਵੀ ਉਪਯੋਗੀ ਹੈ।
- ਇਹ ਡਿਜੀਟਲ ਰੂਪ ਵਿੱਚ ਮੁਫ਼ਤ ਹੈ।
- ਇਸ ਲਈ ਹੋਰ ਪਾਠ ਪੁਸਤਕਾਂ ਦੀ ਲੋੜ ਨਹੀਂ ਹੈ।

ਕੋਰਸ ਦੇ ਲੇਖਕਾਂ ਕੋਲ ਆਧੁਨਿਕ ਵਿੱਦਿਅਕ ਸਿਖਲਾਈ, ਸਿੱਖਿਆ ਦੇਣ ਦਾ ਅਨੁਭਵ ਅਤੇ ਅੰਤਰ-ਸੱਭਿਆਚਾਰਕ ਸੇਵਕਾਈ ਦਾ ਤਜ਼ਰਬਾ ਹੈ।



SGC ਕੋਰਸਾਂ ਵਿੱਚ ਸੇਵਕਾਈ ਵਿਦਿਆਲਾ ਪ੍ਰੋਗਰਾਮ ਦੀਆਂ ਜ਼ਰੂਰੀ ਗੱਲਾਂ ਸ਼ਾਮਲ ਹਨ। ਉਹ ਵੱਖ-ਵੱਖ ਸਮੂਹਾਂ ਜਿਵੇਂ ਕਿ ਪਾਸਬਾਨਾਂ ਦੀ ਜਮਾਤ ਜਾਂ ਘਰੇਲੂ ਬਾਈਬਲ ਅਧਿਐਨ ਸਮੂਹ ਨੂੰ ਸਿਖਾਉਣ ਲਈ ਉਪਯੋਗੀ ਹਨ।

ਕੋਰਸ ਸਥਾਨਕ ਸਿਖਲਾਈ ਪ੍ਰੋਗਰਾਮ ਨੂੰ ਚਲਾਉਣ ਲਈ ਸਥਾਨਕ ਸਿੱਖਿਅਕਾਂ ਨੂੰ ਤੇਜ਼ੀ ਨਾਲ ਤਿਆਰ ਕਰਨ ਲਈ ਤਿਆਰ ਕੀਤੇ ਗਏ ਹਨ। ਇੱਕ ਵਿਅਕਤੀ ਜਿਸ ਕੋਲ ਆਤਮਿਕ ਪਰਿਪੱਕਤਾ, ਬਾਈਬਲ ਦਾ ਗਿਆਨ ਅਤੇ ਸਿੱਖਿਆ ਦੇਣ ਦੀ ਦਾਤ ਹੈ, ਉਹ ਬਿਨਾਂ ਕਿਸੇ ਸਿਖਲਾਈ ਦੇ ਇਨ੍ਹਾਂ ਕੋਰਸਾਂ ਬਾਰੇ ਸਿਖਾ ਸਕਦਾ ਹੈ।

ਕੋਰਸਾਂ ਨੂੰ ਚਰਚਾ ਕਰਨ ਵਾਲੇ ਸਵਾਲਾਂ ਅਤੇ ਖੁਦ ਕਰਨ ਵਾਲੇ ਕੰਮਾਂ ਦੇ ਨਾਲ, ਸਿਖਾਉਣ ਵਿੱਚ ਅਸਾਨ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਅਜਿਹੇ ਭਾਗ ਵੀ ਹਨ ਜੋ ਵਿਦਿਆਰਥੀ ਅਭਿਆਸ ਲਈ ਸਿਖਾ ਸਕਦੇ ਹਨ। ਹਰੇਕ ਕੋਰਸ ਔਸਤ 160 ਪੰਨਿਆਂ ਦਾ ਹੈ, ਜਿਸ ਨੂੰ 7-19 ਪਾਠਾਂ ਵਿੱਚ ਵੰਡਿਆ ਗਿਆ ਹੈ।

ਕਲੀਸੀਆ ਦੇ ਮਿਸ਼ਨ ਨੂੰ ਪੂਰਾ ਕਰਨ ਲਈ SGC ਪਾਠਕ੍ਰਮ ਉਪਕਰਣਾਂ ਦਾ ਇੱਕ ਕੀਮਤੀ ਸੰਦੂਕ ਹੈ।

ਨੋਟ: ਇਹ ਸਭ ਤੋਂ ਚੰਗੀ ਗੱਲ ਹੈ ਜੇਕਰ ਵਿਦਿਆਰਥੀਆਂ ਕੋਲ ਪਹਿਲਾਂ ਹੀ ਬਾਈਬਲ ਦਾ ਕੁਝ ਗਿਆਨ ਅਤੇ ਆਤਮਿਕ ਪਰਿਪੱਕਤਾ ਹੋਵੇ। ਕੋਰਸ ਨਵੇਂ ਮਸੀਹੀ ਲੋਕਾਂ ਦੇ ਚੇਲੇਪਣ ਦੇ ਲਈ ਤਿਆਰ ਕੀਤੇ ਗਏ ਹਨ। ਅਸੀਂ ਚੇਲੇਪਣ ਦੇ ਲਈ *ਚੇਲਾਪਣ ਵਿਕਸਿਤ ਕਰਨਾ* ਪਾਠ (SGC ਤੋਂ ਵੀ ਉਪਲਬਧ) ਇਸਤੇਮਾਲ ਕਰਨ ਦੀ ਸਲਾਹ ਦਿੰਦੇ ਹਾਂ।

## ਸੇਵਕਾਈ ਸੰਬੰਧ ਢਾਂਚਾ

**ਸ਼ੈਫਰਡਸ ਗਲੋਬਲ ਕਲਾਸਰੂਮ** ਸਥਾਨਕ ਸਿਖਲਾਈ ਉਪਲਬਧ ਕਰਾਉਣ ਲਈ **ਮਿਸ਼ਨ ਸੰਸਥਾਵਾਂ/ਕੌਮੀ ਸੇਵਕਾਈਆਂ** ਨਾਲ ਸਾਂਝੇਦਾਰੀ ਵਿੱਚ ਕੰਮ ਕਰਦਾ ਹੈ। ਹਰੇਕ ਮਿਸ਼ਨ ਸੰਸਥਾ/ਕੌਮੀ ਸੇਵਕਾਈ **ਸਥਾਨਕ** ਕਲੀਸੀਆਵਾਂ ਦੀ ਸਥਾਨਕ ਵਿਦਿਆਲੇ ਸ਼ੁਰੂ ਕਰਨ ਵਿੱਚ ਮਦਦ ਕਰਕੇ ਸੇਵਾ ਕਰਦੀ ਹੈ।

ਹੇਠ ਲਿਖੀਆਂ ਸੂਚੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਦਾ ਵਰਣਨ ਕਰਦੀਆਂ ਹਨ

1. ਸ਼ੈਫਰਡਸ ਗਲੋਬਲ ਕਲਾਸਰੂਮ ਦੀਆਂ
2. ਮਿਸ਼ਨ ਸੰਸਥਾ/ਕੌਮੀ ਸੇਵਕਾਈ ਦੀਆਂ ਅਤੇ
3. ਸਥਾਨਕ ਵਿਦਿਆਲੇ ਦੀਆਂ

ਜਦੋਂ ਉਹ ਮਸੀਹੀ ਸੇਵਕਾਂ ਦੀ ਸਿਖਲਾਈ ਦੇ ਲਈ ਸਹਿਯੋਗ ਕਰਦੀਆਂ ਹਨ।

## ਸ਼ੈਫਰਡਜ਼ ਗਲੋਬਲ ਕਲਾਸਰੂਮ ਦੀ ਭੂਮਿਕਾ

- ਸੇਵਕਾਈ ਸਿਖਲਾਈ ਦੇ 20 ਕੋਰਸਾਂ ਦਾ ਇੱਕ ਸੈੱਟ ਪ੍ਰਦਾਨ ਕਰਨਾ।
- SGC ਦੀ ਵੈੱਬਸਾਈਟ ਤੋਂ ਡਾਊਨਲੋਡ ਕਰਨ ਲਈ ਕੋਰਸ ਉਪਲਬਧ ਕਰਵਾਉਣਾ।
- ਕੋਰਸਾਂ, ਵੀਡੀਓ ਅਤੇ ਸਿਖਲਾਈ ਸਮੱਗਰੀ ਦੇ ਨਾਲ ਇੱਕ SGC ਐਪ ਪ੍ਰਦਾਨ ਕਰਨਾ।
- ਵੱਖ-ਵੱਖ ਭਾਸ਼ਾਵਾਂ ਵਿੱਚ ਕੋਰਸਾਂ ਦੇ ਅਨੁਵਾਦ ਦਾ ਨਿਰੀਖਣ ਕਰਨਾ।
- ਸਿੱਖਿਅਕ ਸਿਖਲਾਈ ਦੇ ਲਈ ਇੱਕ ਕੋਰਸ ਪ੍ਰਦਾਨ ਕਰਨਾ ਅਤੇ ਖੇਤਰੀ ਪ੍ਰੋਗਰਾਮਾਂ ਲਈ ਸਿੱਖਿਅਕਾਂ ਨੂੰ ਭੇਜਣਾ।
- ਕੋਰਸਾਂ ਨੂੰ ਪੂਰਾ ਕਰਨ ਦੇ ਲਈ ਪ੍ਰਮਾਣ-ਪੱਤਰ ਦੇਣਾ।

## ਮਿਸ਼ਨ ਸੰਸਥਾ/ਕੌਮੀ ਸੇਵਕਾਈ ਦੀ ਭੂਮਿਕਾ

- ਕਲੀਸੀਆਵਾਂ ਨੂੰ ਸਥਾਨਕ ਵਿਦਿਆਲੇ ਚਲਾਉਣ ਦਾ ਮੌਕਾ ਪ੍ਰਦਾਨ ਕਰਨਾ।
- SGC ਸਮੱਗਰੀ ਨੂੰ ਉਤਸ਼ਾਹਿਤ ਕਰਨਾ ਅਤੇ ਸਥਾਨਕ ਵਿਦਿਆਲਿਆਂ ਲਈ ਸਿੱਖਿਅਕਾਂ ਨੂੰ ਸਿਖਲਾਈ ਦੇਣਾ।
- ਖੇਤਰੀ ਸਿਖਲਾਈ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਨ ਲਈ SGC ਨਾਲ ਭਾਈਵਾਲੀ ਕਰਨਾ।
- ਕੋਰਸਾਂ ਦੀ ਛਪਾਈ ਅਤੇ ਵੰਡ ਦਾ ਪ੍ਰਬੰਧ ਕਰਨਾ।
- ਸਿਖਲਾਈ ਸਮੱਗਰੀ ਲਈ SGC ਵੈੱਬਸਾਈਟ ਅਤੇ ਐਪ ਦਾ ਸੁਝਾਅ ਦੇਣਾ।
- ਸਲਾਹ-ਮਸ਼ਵਰਾ ਅਤੇ ਨਵੀਂ ਸਮੱਗਰੀ ਪ੍ਰਦਾਨ ਕਰਨ ਦੇ ਲਈ ਨਿਯਮਿਤ ਤੌਰ ਤੇ ਸਿੱਖਿਅਕਾਂ ਦੇ ਸੰਪਰਕ ਵਿੱਚ ਰਹਿਣਾ।
- ਪ੍ਰਮਾਣ-ਪੱਤਰਾਂ ਦੇ ਲਈ ਕੋਰਸ ਪੂਰਾ ਹੋਣ ਦੀ ਤਸਦੀਕ ਕਰਨਾ।

## ਸਥਾਨਕ ਵਿਦਿਆਲੇ ਦੀ ਭੂਮਿਕਾ

- ਕਲਾਸਾਂ ਦੇ ਇਕੱਠੇ ਹੋਣ ਦੇ ਲਈ ਜਗ੍ਹਾ ਪ੍ਰਦਾਨ ਕਰਨਾ।
- ਸਥਾਨਕ ਸਿੱਖਿਅਕਾਂ ਦੀ ਚੋਣ ਕਰਨਾ ਅਤੇ ਲੋੜ ਪੈਣ ਤੇ ਉਨ੍ਹਾਂ ਦਾ ਸਮਰਥਨ ਕਰਨਾ।
- ਵਿਦਿਆਰਥੀਆਂ ਨੂੰ ਭਰਤੀ ਕਰਨਾ ਅਤੇ ਪੰਜੀਕਰਣ ਕਰਨਾ।
- ਛਾਪੇ ਹੋਏ ਕੋਰਸਾਂ ਦੀ ਲਾਗਤ ਦਾ ਭੁਗਤਾਨ ਕਰਨਾ।
- ਕਲਾਸਾਂ ਦਾ ਸਮਾਂ ਤੈਅ ਕਰਨਾ ਅਤੇ ਸੰਚਾਲਨ ਕਰਨਾ।

ਅਧਿਆਇ 8 ਮਿਸ਼ਨ ਸੰਸਥਾ/ਕੌਮੀ ਸੇਵਕਾਈ ਅਤੇ ਸਥਾਨਕ ਵਿਦਿਆਲੇ ਵਿਚਾਲੇ ਸੰਬੰਧਾਂ ਬਾਰੇ ਹੋਰ ਵੇਰਵੇ ਦਿੰਦਾ ਹੈ।

## ਅਧਿਆਇ 3

# ਇੱਕ ਸੰਭਾਵੀ ਸਿੱਖਿਅਕ ਦੀਆਂ ਯੋਗਤਾਵਾਂ

## ਇੱਕ ਵਿਸ਼ੇਸ਼ ਸੇਵਕਾਈ

ਸਿੱਖਿਅਕ ਵਿਸ਼ੇਸ਼ ਲੋਕ ਹੁੰਦੇ ਹਨ। ਰਸੂਲ ਯਾਕੂਬ ਸਾਨੂੰ ਚੇਤਾਵਨੀ ਦਿੰਦਾ ਹੈ ਕਿ ਹਰ ਕਿਸੇ ਨੂੰ ਉਪਦੇਸ਼ਕ (ਸਿੱਖਿਅਕ) ਨਹੀਂ ਬਣਨਾ ਚਾਹੀਦਾ, ਕਿਉਂਕਿ ਉਪਦੇਸ਼ਕਾਂ (ਸਿੱਖਿਅਕਾਂ) ਦੀ ਪਰਮੇਸ਼ੁਰ ਪ੍ਰਤੀ ਵਿਸ਼ੇਸ਼ ਜਵਾਬਦੇਹੀ ਹੁੰਦੀ ਹੈ ਅਤੇ ਜੇ ਉਹ ਵਫ਼ਾਦਾਰ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਵਧੀਕ ਸਜ਼ਾ ਮਿਲੇਗੀ (ਯਾਕੂਬ 3:1)।

ਪੌਲੁਸ ਰਸੂਲ ਨੇ ਚੇਤਾਵਨੀ ਦਿੱਤੀ ਕਿ ਇੱਕ ਵਿਅਕਤੀ ਨੂੰ ਇਲਮ ਜਾਂ ਗਿਆਨ ਦਾ ਹੰਕਾਰ ਹੋ ਸਕਦਾ ਹੈ ਅਤੇ ਉਹ ਦੂਜਿਆਂ ਨੂੰ ਤੁੱਛ ਜਾਣ ਸਕਦਾ ਹੈ (1 ਕੁਰਿੰਥੀਆਂ 8:1)। ਉਸ ਨੇ ਕਿਹਾ ਕਿ ਪ੍ਰੇਮ ਸਾਨੂੰ ਖੁਦ ਨੂੰ ਉੱਚਾ ਕਰਨ ਦੀ ਬਜਾਇ ਦੂਜਿਆਂ ਨੂੰ ਉਸਾਰਨ ਲਈ ਪ੍ਰੇਰਿਤ ਕਰਦਾ ਹੈ। ਗਿਆਨਵਾਨ ਲੋਕਾਂ ਨੂੰ ਇਸ ਨੂੰ ਦੂਜਿਆਂ ਦੀ ਮਦਦ ਕਰਨ ਦਾ ਇੱਕ ਸਾਧਨ ਸਮਝਣਾ ਚਾਹੀਦਾ ਹੈ ਨਾ ਕਿ ਕੁਝ ਅਜਿਹਾ ਜੋ ਉਨ੍ਹਾਂ ਨੂੰ ਦੂਜਿਆਂ ਤੋਂ ਉੱਤਮ ਬਣਾਉਂਦਾ ਹੈ। ਜੇਕਰ ਉਹ ਗਿਆਨ ਰਾਹੀਂ ਆਦਰ ਦੀ ਖੋਜ ਵਿੱਚ ਹਨ, ਤਾਂ ਉਹ ਗਲਤ ਉਦੇਸ਼ ਤੋਂ ਪ੍ਰੇਰਿਤ ਹਨ ਅਤੇ ਨੁਕਸਾਨ ਹੀ ਕਰਨਗੇ।

ਇਹ ਚੇਤਾਵਨੀਆਂ ਉਨ੍ਹਾਂ ਲੋਕਾਂ ਲਈ ਜ਼ਰੂਰੀ ਹਨ ਜੋ ਸੇਵਕਾਈ ਦੀ ਕਿਸੇ ਵੀ ਭੂਮਿਕਾ ਵਿੱਚ ਸਿਖਾਉਣਾ ਜਾਂ ਸੇਵਾ ਕਰਨਾ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੇ ਗਿਆਨ ਨਾਲ ਸੇਵਾ ਕਰਨ ਲਈ ਅਧਿਐਨ ਕਰਨ ਵਾਸਤੇ ਪ੍ਰੇਰਿਤ ਹੋਣਾ ਚਾਹੀਦਾ ਹੈ।

## ਬਦਲਣ ਵਾਲੀ ਸਚਿਆਈ

ਬਾਈਬਲ ਅਧਿਐਨ ਕਰਨ ਲਈ ਵਿਦਿਆਰਥੀ ਵੱਲੋਂ ਖ਼ਾਸ ਰਵੱਈਏ ਦੀ ਲੋੜ ਹੁੰਦੀ ਹੈ। ਲੋਕ ਵਿਗਿਆਨ ਜਾਂ ਗਣਿਤ ਦਾ ਅਧਿਐਨ ਆਪਣੇ ਚਰਿੱਤਰ ਦੇ ਲਈ ਇਸ ਦੀ ਕੋਈ ਪ੍ਰਾਸੰਗਿਕਤਾ ਵੇਖੇ ਬਿਨਾਂ ਕਰ ਸਕਦੇ ਹਨ। ਵਿਦਿਆਰਥੀ ਜੋ ਗਿਆਨ ਪ੍ਰਾਪਤ ਕਰਦੇ ਹਨ ਉਸ ਨਾਲ ਉਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ। ਬਾਈਬਲ ਦੀ ਸਚਿਆਈ ਵੱਖਰੀ ਹੈ। ਬਾਈਬਲ ਦੇ ਵਿਦਿਆਰਥੀ ਅਧਿਐਨ ਕਰਦੇ ਹੋਏ ਆਪਣੇ ਚਰਿੱਤਰ ਨੂੰ ਬਦਲਣ ਦੀ ਚੁਣੌਤੀ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਅਧੀਨਗੀ ਨਾਲ ਪਵਿੱਤਰ ਆਤਮਾ ਨੂੰ ਉਨ੍ਹਾਂ ਦੇ ਚਰਿੱਤਰ ਨੂੰ ਇਸ ਤਰ੍ਹਾਂ ਬਦਲਣ ਦੇਣਾ ਚਾਹੀਦਾ ਹੈ ਜੋ ਉਸ ਸਚਿਆਈ ਨਾਲ ਮੇਲ ਖਾਵੇ ਜੋ ਉਹ ਸਿੱਖ ਰਹੇ ਹਨ। ਬਾਈਬਲ ਦੀ ਸਚਿਆਈ ਬਦਲਣ ਵਾਲੀ ਸਚਿਆਈ ਹੈ।

## SGC ਸਿੱਖਿਅਕ ਦੀਆਂ ਯੋਗਤਾਵਾਂ

ਇਸ ਅਧਿਆਇ ਵਿੱਚ ਵਰਣਨ ਕੀਤੀਆਂ ਵਿਸ਼ੇਸ਼ਤਾਵਾਂ ਤੋਂ ਇਲਾਵਾ, ਸਿੱਖਿਅਕ ਸਿਖਲਾਈ ਕੋਰਸ ਵਿੱਚ ਇੱਕ ਵਿਦਿਆਰਥੀ ਨੂੰ ਸਥਾਨਕ ਕਲੀਸੀਆ ਦਾ ਇੱਕ ਸਹਿਭਾਗੀ ਮੈਂਬਰ ਹੋਣਾ ਚਾਹੀਦਾ ਹੈ ਅਤੇ ਇੱਕ ਪਾਸਬਾਨ ਵੱਲੋਂ ਸਿਫ਼ਾਰਿਸ਼ ਪ੍ਰਾਪਤ ਹੋਣੀ ਚਾਹੀਦੀ ਹੈ।

SGC ਸਿੱਖਿਅਕ ਆਤਮਿਕ ਤੌਰ ਤੇ ਪਰਿਪੱਕ, ਪੜ੍ਹਾਉਣ ਵਿੱਚ ਨਿਪੁੰਨ ਅਤੇ ਬਾਈਬਲ ਦਾ ਗਿਆਨੀ ਹੋਣਾ ਚਾਹੀਦਾ ਹੈ।

ਵਿੱਦਿਅਕ ਸ਼ਰਤਾਂ: ਸਿੱਖਿਅਕ ਨੂੰ ਕੋਰਸ ਸਮੱਗਰੀ ਨੂੰ ਚੰਗੀ ਤਰ੍ਹਾਂ ਪੜ੍ਹਨ, ਸਮਝਣ ਅਤੇ ਸਮਝਾਉਣ ਦੇ ਯੋਗ ਹੋਣਾ ਚਾਹੀਦਾ ਹੈ। ਹਾਲਾਂਕਿ ਵਿੱਦਿਅਕ ਡਿਗਰੀ ਇੱਕ ਸਿੱਖਿਅਕ ਨੂੰ ਹਦਾਇਤਾਂ ਦੇ ਤਰੀਕਿਆਂ ਅਤੇ ਡੂੰਘੇ ਗਿਆਨ ਨਾਲ ਤਿਆਰ ਕਰ ਸਕਦੀ ਹੈ, SGC ਦਾ ਦਰਸ਼ਣ ਅਜਿਹੇ ਸਿੱਖਿਅਕਾਂ ਨੂੰ ਵਿਕਸਤ ਕਰਨਾ ਹੈ ਜੋ ਉਹੀ ਸਿਖਲਾਈ ਦੂਜਿਆਂ ਤੱਕ ਪਹੁੰਚਾ ਸਕਦੇ ਹਨ। ਇਸ ਕਰਕੇ, ਅਸੀਂ ਵਿੱਦਿਅਕ ਡਿਗਰੀਆਂ ਵਾਲੇ ਸਿੱਖਿਅਕਾਂ ਨੂੰ ਲੱਭਣ ਤੇ ਨਿਰਭਰ ਨਹੀਂ ਹਾਂ। ਅਸੀਂ ਹਰ ਥਾਂ ਸੰਭਾਵੀ ਸਿੱਖਿਅਕਾਂ ਨੂੰ ਆਤਮਿਕ ਦਾਤਾਂ ਦੇਣ ਲਈ ਪਰਮੇਸ਼ੁਰ ਦੀ ਵਫ਼ਾਦਾਰੀ ਤੇ ਨਿਰਭਰ ਕਰਦੇ ਹਾਂ। ਅਸੀਂ ਉਨ੍ਹਾਂ ਲੋਕਾਂ ਨੂੰ ਲੱਭਣ ਅਤੇ ਤਿਆਰ ਕਰਨ ਦੀ ਉਮੀਦ ਕਰਦੇ ਹਾਂ ਜਿਨ੍ਹਾਂ ਅੰਦਰ ਸਿੱਖਿਆ ਦੇਣ ਦੀ ਯੋਗਤਾ ਹੈ।

ਹੇਠਾਂ ਦਿੱਤੀ ਸੂਚੀ ਵਿੱਚ ਹੋਰ ਵੀ ਵਿਸ਼ੇਸ਼ਤਾਵਾਂ ਸ਼ਾਮਲ ਹਨ ਜੋ ਮਹੱਤਵਪੂਰਣ ਹਨ। ਇੱਕ ਸਿੱਖਿਅਕ ਹਰ ਗੁਣ ਵਿੱਚ ਉੱਤਮ ਨਹੀਂ ਹੋ ਸਕਦਾ ਪਰ ਉਸ ਨੂੰ ਉਨ੍ਹਾਂ ਸਾਰਿਆਂ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਨ੍ਹਾਂ ਸਿੱਖਿਅਕਾਂ ਵਿੱਚ ਇਨ੍ਹਾਂ ਵਿੱਚੋਂ ਕਿਸੇ ਇੱਕ ਦੀ ਵੀ ਘਾਟ ਹੈ, ਉਹ ਘੱਟ ਪ੍ਰਭਾਵਸ਼ਾਲੀ ਹੋਣਗੇ।

1. **ਆਤਮਿਕ ਤੌਰ ਤੇ ਪਰਿਪੱਕ।** ਸਿੱਖਿਅਕ ਨੂੰ ਆਤਮਿਕ ਗੁਣਾਂ ਦਾ ਚੰਗਾ ਉਦਾਹਰਣ ਹੋਣਾ ਚਾਹੀਦਾ ਹੈ। ਜੇਕਰ ਸਿੱਖਿਅਕਾਂ ਦੇ ਮਸੀਹੀ ਜੀਵਨ ਅਤੇ ਰਵੱਈਏ ਹਮੇਸ਼ਾ ਇਕਸਾਰ ਨਹੀਂ ਹੁੰਦੇ, ਤਾਂ ਉਹ ਵਿਦਿਆਰਥੀਆਂ ਲਈ ਚੰਗੇ ਉਦਾਹਰਣ ਨਹੀਂ ਹਨ।

2. **ਉਪਲਬਧ।** ਜੇ ਕਿਸੇ ਮਰਦ ਜਾਂ ਔਰਤ ਦੀ ਸਮਾਂ-ਸਾਰਣੀ ਪਹਿਲਾਂ ਹੀ ਬਹੁਤ ਵਿਅਸਤ ਹੈ ਅਤੇ ਚੰਗੀ ਤਰ੍ਹਾਂ ਵਿਵਸਥਿਤ ਨਹੀਂ ਹੈ, ਤਾਂ ਉਹ ਨਿਯਮਤ ਤੌਰ ਤੇ ਸਿੱਖਿਆ ਦੇਣ ਦੀ ਸੇਵਕਾਈ ਦੇ ਲਈ ਉਪਲਬਧ ਨਹੀਂ ਹੈ। ਸਿੱਖਿਅਕਾਂ ਨੂੰ ਸਿੱਖਿਆ ਦੇਣ ਨੂੰ ਤਰਜੀਹ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਕੁਝ ਪ੍ਰਤਿਭਾਸ਼ਾਲੀ ਲੋਕਾਂ ਨੂੰ ਇਹ ਸੇਵਕਾਈ ਨਹੀਂ ਦਿੱਤੀ ਜਾਣੀ ਚਾਹੀਦੀ ਕਿਉਂਕਿ ਉਹ ਹੋਰ ਗਤੀਵਿਧੀਆਂ ਨੂੰ ਇਸ ਵਿੱਚ ਰੁਕਾਵਟ ਬਣਨ ਦੇਣਗੇ।

3. **ਭਰੋਸੇਯੋਗ।** ਸਿੱਖਿਅਕ ਅਜਿਹੇ ਲੋਕ ਹੋਣੇ ਚਾਹੀਦੇ ਹਨ ਜੋ ਆਪਣੀਆਂ ਵਚਨਬੱਧਤਾਂ ਪੂਰੀਆਂ ਕਰਦੇ ਹਨ। ਉਹ ਸਮੇਂ ਦੇ ਪਾਬੰਦ ਹੋਣੇ ਚਾਹੀਦੇ ਹਨ ਅਤੇ ਇੱਕ ਸਮਾਂ-ਸਾਰਣੀ ਦੀ ਪਾਲਣਾ ਕਰਨ ਦੇ ਯੋਗ ਹੋਣੇ ਚਾਹੀਦੇ ਹਨ। ਜੇ ਸਿੱਖਿਅਕ ਕਲਾਸਾਂ ਵਿੱਚ ਨਹੀਂ ਆਉਂਦੇ ਜਾਂ ਦੇਰ ਨਾਲ ਆਉਂਦੇ ਹਨ ਤਾਂ ਕਲਾਸ ਦੇ ਮੈਂਬਰ ਨਿਰਾਸ਼ ਹੋ ਜਾਣਗੇ।

4. **ਭਰੋਸੇਮੰਦ।** ਸਿੱਖਿਅਕਾਂ ਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਉਹ ਇਹ ਸਿੱਖਣ ਵਿੱਚ ਸਮਰੱਥ ਹਨ ਕਿ ਇੱਕ ਸਮੂਹ ਦੀ ਅਗਵਾਈ ਕਿਵੇਂ ਕਰਨੀ ਹੈ। ਉਨ੍ਹਾਂ ਨੂੰ ਨਿਗਰਾਨੀ ਅਧੀਨ ਅਭਿਆਸ ਦੀ ਲੋੜ ਹੋ ਸਕਦੀ ਹੈ ਜਿਸ ਨਾਲ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧੇਗਾ।

5. **ਝਗੜੇ ਨੂੰ ਨਿਪਟਾਉਣ ਵਿੱਚ ਸਮਰੱਥ।** ਜਦੋਂ ਲੋਕ ਅਸਹਿਮਤ ਹੁੰਦੇ ਹਨ ਅਤੇ ਸਮੱਸਿਆਵਾਂ ਪੈਦਾ ਕਰਦੇ ਹਨ ਤਾਂ ਸਿੱਖਿਅਕਾਂ ਨੂੰ ਸਹੀ ਰਵੱਈਆ ਅਪਨਾਉਣ ਵਿੱਚ ਸਮਰੱਥ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਦੂਜਿਆਂ ਵਿਚਾਲੇ ਝਗੜਿਆਂ ਨੂੰ ਨਿਪਟਾਉਣ ਵਿੱਚ ਮਦਦ ਕਰਨ ਵਿੱਚ ਸਮਰੱਥ ਹੋਣਾ ਚਾਹੀਦਾ ਹੈ।

6. **ਸਿਖਾਉਣ ਵਿੱਚ ਸਮਰੱਥ।** ਕੀ ਲੋਕ ਸਿੱਖਿਅਕ ਦੀਆਂ ਵਿਆਖਿਆਵਾਂ ਨੂੰ ਸਮਝਦੇ ਹਨ? ਇੱਕ ਸਿੱਖਿਅਕ ਅਜਿਹਾ ਹੋਣਾ ਚਾਹੀਦਾ ਹੈ ਜੋ ਲੋਕਾਂ ਨੂੰ ਉਲਝਣ ਵਿੱਚ ਨਹੀਂ ਪਾਉਂਦਾ।

7. **ਪਰਮੇਸ਼ੁਰ ਦੇ ਬਚਨ ਲਈ ਭੁੱਖੇ।** ਸਿੱਖਿਅਕ ਅਜਿਹੇ ਲੋਕ ਹੋਣੇ ਚਾਹੀਦੇ ਹਨ ਜੋ ਪਰਮੇਸ਼ੁਰ ਦੇ ਬਚਨ ਦਾ ਅਨੰਦ ਮਾਣਦੇ ਹਨ, ਤਾਂ ਜੋ ਉਹ ਦੂਜਿਆਂ ਨੂੰ ਵੀ ਇਸ ਦਾ ਅਨੰਦ ਲੈਣ ਲਈ ਸੱਦਾ ਦੇ ਸਕਣ। ਉਨ੍ਹਾਂ ਨੂੰ ਪਰਮੇਸ਼ੁਰ ਨਾਲ ਆਪਣੇ ਰਿਸ਼ਤਿਆਂ ਵਿੱਚ ਬਾਈਬਲ ਨੂੰ ਮਹੱਤਵਪੂਰਣ ਬਣਾਉਣਾ ਚਾਹੀਦਾ ਹੈ।

8. **ਪਰਮੇਸ਼ੁਰ ਉੱਤੇ ਨਿਰਭਰ।** ਸਿੱਖਿਆ ਦੇਣ ਵਾਲਿਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਆਤਮਿਕ ਨਤੀਜੇ ਸਿਰਫ਼ ਪਵਿੱਤਰ ਆਤਮਾ ਦੇ ਕੰਮ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਉਨ੍ਹਾਂ ਨੂੰ ਪਵਿੱਤਰ ਆਤਮਾ ਨਾਲ ਸਹਿਯੋਗ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਪਰਮੇਸ਼ੁਰ ਦੇ ਮਸਹ ਤੇ ਨਿਰਭਰ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਭਰੋਸਾ ਨਹੀਂ ਹੋਣਾ ਚਾਹੀਦਾ ਕਿ ਉਨ੍ਹਾਂ ਦੀਆਂ ਵਿਆਖਿਆਵਾਂ ਸਿਰਫ਼ ਉਨ੍ਹਾਂ ਦੀਆਂ ਯੋਗਤਾਵਾਂ ਦੇ ਕਾਰਣ ਸਫਲ ਹੋਣਗੀਆਂ।

9. **ਸੇਵਾ ਕਰਨ ਲਈ ਤਿਆਰ।** ਸਿੱਖਿਆ ਦੇਣ ਵਾਲੇ ਲੋਕ ਉਹ ਨਹੀਂ ਹੋਣੇ ਚਾਹੀਦੇ ਜੋ ਸੇਵਾ ਕਰਵਾਉਣਾ ਚਾਹੁੰਦੇ ਹਨ। ਉਨ੍ਹਾਂ ਨੂੰ ਆਪਣੀਆਂ ਖੂਬੀਆਂ ਵਿਖਾਉਣ ਦੇ ਉਦੇਸ਼ ਨਾਲ ਸੇਵਕਾਈ ਦੀ ਭਾਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੂੰ ਲੋੜਾਂ ਦਾ ਉੱਤਰ ਦੇਣ ਵਾਲੇ ਹੋਣਾ ਚਾਹੀਦਾ ਹੈ ਅਤੇ ਸਵੈ-ਇੱਛਾ ਨਾਲ ਕੰਮ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ।

10. **ਆਤਮਿਕ ਇਖ਼ਤਿਆਰ ਦੇ ਅਧੀਨ।** ਸਿੱਖਿਆ ਦੇਣ ਵਾਲਿਆਂ ਨੂੰ ਆਤਮਿਕ ਤੌਰ ਤੇ ਦੂਜੇ ਵਿਅਕਤੀਆਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਆਤਮਿਕ ਆਗੂਆਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

11. **ਕਲੀਸੀਆ ਪ੍ਰਤੀ ਵਫ਼ਾਦਾਰ।** ਸਿੱਖਿਆ ਦੇਣ ਵਾਲੇ ਸਥਾਨਕ ਕਲੀਸੀਆਵਾਂ ਦੇ ਸਮਰਪਿਤ ਮੈਂਬਰ ਹੋਣੇ ਚਾਹੀਦੇ ਹਨ। ਉਨ੍ਹਾਂ ਦੀ ਸਿੱਖਿਆ ਲੋਕਾਂ ਦੇ ਕਲੀਸੀਆ ਦੀ ਪ੍ਰਸ਼ੰਸਾ ਕਰਨ ਅਤੇ ਕਲੀਸੀਆ ਦੇ ਪ੍ਰਤੀ ਹੋਰ ਵੀ ਜ਼ਿਆਦਾ ਸਮਰਪਿਤ ਹੋਣ ਦਾ ਕਾਰਣ ਬਣਨੀ ਚਾਹੀਦੀ ਹੈ।

12. **ਸਫ਼ਲ ਹੋਣ ਲਈ ਜੋਸ਼ ਰੱਖਣ ਵਾਲਾ।** ਜੇਕਰ ਸਿੱਖਿਆ ਦੇਣ ਵਾਲਿਆਂ ਵਿੱਚ ਸਫ਼ਲ ਹੋਣ ਦਾ ਜੋਸ਼ ਹੈ, ਤਾਂ ਉਹ ਜਲਦੀ ਹਾਰ ਨਹੀਂ ਮੰਨਣਗੇ। ਉਹ ਹਾਲਾਤਾਂ ਦੇ ਅਨੁਸਾਰ ਢਲ ਜਾਣਗੇ। ਉਹ ਵਧੇਰੇ ਪ੍ਰਭਾਵਸ਼ਾਲੀ ਬਣਨ ਵਿੱਚ ਮਦਦ ਕਰਨ ਲਈ ਜਾਣਕਾਰੀ ਦੀ ਭਾਲ ਕਰਨਗੇ। ਸਮੱਸਿਆਵਾਂ ਜਾਂ ਮੌਕੇ ਆਉਣ ਤੇ ਉਹ ਪਹਿਲ ਕਰਨਗੇ। ਉਨ੍ਹਾਂ ਵਿੱਚ ਊਰਜਾ ਅਤੇ ਉਤਸ਼ਾਹ ਹੋਵੇਗਾ।

13. **ਸਿਧਾਂਤਕ ਤੌਰ ਤੇ ਸਹੀ।** ਹਰੇਕ ਸਿੱਖਿਆ ਦੇਣ ਵਾਲੇ ਕੋਲ ਬਾਈਬਲ ਅਧਾਰਤ, ਖੁਸ਼ਖ਼ਬਰੀ ਪਰਚਾਰ ਦੇ ਸਿਧਾਂਤ ਦੀ ਚੰਗੀ ਬੁਨਿਆਦ ਹੋਣੀ ਚਾਹੀਦੀ ਹੈ।

14. **ਸੇਵਕਾਈ ਵਿੱਚ ਤਜਰਬੇਕਾਰ।** ਸਿੱਖਿਆ ਦੇਣ ਵਾਲੇ ਅਜਿਹੇ ਲੋਕ ਹੋਣੇ ਚਾਹੀਦੇ ਹਨ ਜੋ ਕਾਫੀ ਸਮੇਂ ਤੋਂ ਕਲੀਸੀਆ ਦੀ ਸੇਵਕਾਈ ਵਿੱਚ ਵਫ਼ਾਦਾਰ ਰਹੇ ਹਨ।

# ਅਧਿਆਇ 4

# ਆਪਣੇ ਵਿਦਿਆਰਥੀਆਂ ਨੂੰ ਸਮਝਣਾ

## ਧਾਰਮਿਕ ਯੋਗਤਾਵਾਂ

ਕਿਉਂਕਿ SGC ਦੇ ਪ੍ਰੋਗਰਾਮ ਦਾ ਉਦੇਸ਼ ਸੇਵਕਾਈ ਦੀ ਸਿਖਲਾਈ ਹੈ, ਇਸ ਲਈ ਵਿਦਿਆਰਥੀ ਨੂੰ ਇੱਕ ਚੰਗੀ ਗਵਾਹੀ ਅਤੇ ਪਰਮੇਸ਼ੁਰ ਦਾ ਆਦਰ ਕਰਨ ਵਾਲੀ ਜੀਵਨ-ਸ਼ੈਲੀ ਵਾਲਾ ਇੱਕ ਮਸੀਹੀ ਵਿਸ਼ਵਾਸੀ ਹੋਣਾ ਚਾਹੀਦਾ ਹੈ। ਇੱਕ ਗੈਰ-ਵਿਸ਼ਵਾਸੀ ਕੋਰਸਾਂ ਦੀ ਜ਼ਿਆਦਾਤਰ ਸਮੱਗਰੀ ਨੂੰ ਨਹੀਂ ਸਮਝੇਗਾ ਜਾਂ ਉਸ ਨੂੰ ਨਹੀਂ ਸਲਾਹਵੇਗਾ।

ਵਿਦਿਆਰਥੀ ਨੂੰ ਮਸੀਹੀ ਨਿਹਚਾ ਦੀਆਂ ਇਤਿਹਾਸਕ ਅਤੇ ਜ਼ਰੂਰੀ ਗੱਲਾਂ ਉੱਤੇ ਵਿਸ਼ਵਾਸ ਕਰਨਾ ਚਾਹੀਦਾ ਹੈ, ਜਿਸ ਵਿੱਚ ਖੁਸ਼ਖ਼ਬਰੀ ਪਰਚਾਰ ਦਾ ਸਿਧਾਂਤ ਵੀ ਸ਼ਾਮਲ ਹੈ। ਪ੍ਰੋਗਰਾਮ ਨੂੰ ਹਰ ਜਗ੍ਹਾ ਮਸੀਹ ਦੀ ਦੇਹ (ਕਲੀਸੀਆ) ਦੀ ਸੇਵਾ ਕਰਨ ਲਈ ਤਿਆਰ ਕੀਤਾ ਗਿਆ ਹੈ, ਇਸ ਲਈ ਵਿਲੱਖਣ ਸੰਪਰਦਾਇਕ ਮਾਨਤਾਵਾਂ ਦੀ ਲੋੜ ਨਹੀਂ ਹੈ।

ਵਿਦਿਆਰਥੀ ਕਲੀਸੀਆ ਦਾ ਅਜਿਹਾ ਮੈਂਬਰ ਹੋਣਾ ਚਾਹੀਦਾ ਹੈ ਜੋ ਕਲੀਸੀਆ ਦੀ ਅਰਾਧਨਾ ਅਤੇ ਸੰਗਤੀ ਵਿੱਚ ਹਿੱਸਾ ਲੈਂਦਾ/ਲੈਂਦੀ ਹੈ। ਉਹ ਵਿਦਿਆਰਥੀ ਜੋ ਕਲੀਸੀਆਵਾਂ ਪ੍ਰਤੀ ਸਮਰਪਿਤ ਹੋਣ ਵਾਸਤੇ ਤਿਆਰ ਨਹੀਂ ਹਨ, ਸੇਵਕਾਈ ਦੀ ਸਿਖਲਾਈ ਲੈਣ ਲਈ ਚੰਗੇ ਉਮੀਦਵਾਰ ਨਹੀਂ ਹਨ। ਉਚਿਤ ਹੋਵੇਗਾ ਕਿ ਉਹ ਉਨ੍ਹਾਂ ਕਲੀਸੀਆਵਾਂ ਦਾ ਹਿੱਸਾ ਹੋਣ ਜੋ ਉਨ੍ਹਾਂ ਨੂੰ ਉਸ ਦਾ ਜੋ ਉਹ ਸਿੱਖ ਰਹੇ ਹਨ ਅਭਿਆਸ ਕਰਨ ਦੇਣ। ਕੁਝ ਖੁਦ ਕਰਨ ਵਾਲੇ ਕੰਮਾਂ ਵਿੱਚ ਦੂਜੇ ਵਿਸ਼ਵਾਸੀਆਂ ਦੀ ਸ਼ਮੂਲੀਅਤ ਹੁੰਦੀ ਹੈ।

## ਲੋੜੀਂਦਾ ਵਿੱਦਿਅਕ ਪੱਧਰ

ਇੱਕ ਸਥਾਨਕ ਵਿਦਿਆਲੇ ਨੂੰ ਉਨ੍ਹਾਂ ਵਿਦਿਆਰਥੀਆਂ ਦੀ ਸੇਵਾ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ ਜੋ ਚੰਗੀ ਤਰ੍ਹਾਂ ਪੜ੍ਹ ਅਤੇ ਲਿਖ ਸਕਦੇ ਹਨ। ਇਹ ਜ਼ਰੂਰੀ ਨਹੀਂ ਹੈ ਕਿ ਉਹ ਕਿਸੇ ਸਕੂਲ ਤੋਂ ਗ੍ਰੈਜੂਏਟ ਹੋਣ, ਪਰ ਉਨ੍ਹਾਂ ਨੂੰ ਕੋਰਸਾਂ ਨੂੰ ਸਮਝਣ ਲਈ ਪੜ੍ਹਨਾ ਅਤੇ ਲਿਖਣਾ ਅਤੇ ਖੁਦ ਕਰਨ ਵਾਲੇ ਕੰਮਾਂ ਨੂੰ ਪੂਰਾ ਕਰਨਾ ਆਉਣਾ ਚਾਹੀਦਾ ਹੈ। ਵਿਦਿਆਲੇ ਨੂੰ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰਮਾਣ-ਪੱਤਰ ਦੇਣਾ ਚਾਹੀਦਾ ਹੈ ਜੋ ਇਸ ਪੱਧਰ ਤੇ ਪੜ੍ਹਨ ਦੇ ਯੋਗ ਹਨ।

ਸਿੱਖਿਆ ਦੇ ਹੋਰ ਪੱਧਰਾਂ ਦੀ ਪੇਸ਼ਕਸ਼ ਉਨ੍ਹਾਂ ਵਿਦਿਆਰਥੀਆਂ ਨੂੰ ਕੀਤੀ ਜਾ ਸਕਦੀ ਹੈ ਜੋ ਸਿੱਖਣਾ ਚਾਹੁੰਦੇ ਹਨ ਪਰ ਖੁਦ ਕਰਨ ਵਾਲੇ ਕੰਮ ਕਰਨ ਦੇ ਯੋਗ ਨਹੀਂ ਹਨ। ਉਦਾਹਰਣ ਲਈ, ਸਿੱਖਿਆ ਦੇਣ ਵਾਲੇ ਆਮ ਮੰਡਲੀਆਂ ਜਾਂ ਘਰੇਲੂ ਬਾਈਬਲ ਸਟੱਡੀ ਗਰੁੱਪਾਂ ਨੂੰ ਅਜਿਹੇ ਲੋਕਾਂ ਨਾਲ ਸਿਖਾ ਸਕਦੇ ਹਨ ਜੋ ਚੰਗੀ ਤਰ੍ਹਾਂ ਨਹੀਂ ਪੜ੍ਹਦੇ ਅਤੇ ਖੁਦ ਕਰਨ ਵਾਲੇ ਕੰਮ ਨਹੀਂ ਕਰ ਸਕਦੇ।

## ਆਪਣੇ ਵਿਦਿਆਰਥੀਆਂ ਨੂੰ ਸਮਝਣਾ

ਸਥਾਨਕ SGC ਵਿਦਿਆਲਿਆਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਬਾਕੀ ਕਿਸਮਾਂ ਦੇ ਵਿਦਿਆਲਿਆਂ ਦੇ ਵਿਦਿਆਰਥੀਆਂ ਨਾਲੋਂ ਵੱਖਰੇ ਹੁੰਦੇ ਹਨ। ਉਹ ਸਕੂਲ ਦੇ ਬੱਚਿਆਂ ਵਾਂਗ ਨਹੀਂ ਹਨ। ਉਹ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਬਾਈਬਲ ਕਾਲਜ ਦੇ ਬਹੁਤ ਸਾਰੇ ਵਿਦਿਆਰਥੀਆਂ ਤੋਂ ਵੱਖਰੇ ਹਨ। ਸਿੱਖਿਅਕਾਂ ਨੂੰ ਇਸ ਤਰ੍ਹਾਂ ਦੀ ਕਲਾਸ ਲਈ ਆਪਣੀਆਂ ਸ਼ੈਲੀਆਂ ਨੂੰ ਢਾਲਣਾ ਚਾਹੀਦਾ ਹੈ। ਕੁਝ ਵਿਦਿਆਰਥੀਆਂ ਦੀ ਵਿੱਦਿਅਕ ਯੋਗਤਾ ਕਾਲਜ ਦੇ ਵਿਦਿਆਰਥੀ ਦੀ ਯੋਗਤਾ ਨਾਲੋਂ ਘੱਟ ਹੋਵੇਗੀ। ਸਿੱਖਿਅਕਾਂ ਨੂੰ ਆਪਣੀਆਂ ਉਮੀਦਾਂ

ਨੂੰ ਉਸੇ ਅਨੁਸਾਰ ਤੈਅ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਵਿਦਿਆਰਥੀਆਂ ਨੇ ਖੁਦ ਕਰਨ ਵਾਲੇ ਕੰਮ ਕਿਵੇਂ ਕਰਨੇ ਹਨ। ਉਨ੍ਹਾਂ ਨੂੰ ਆਲਸ ਅਤੇ ਲਾਪਰਵਾਹੀ ਤੋਂ ਝਿੜਕਣਾ ਚਾਹੀਦਾ ਹੈ, ਪਰ ਵਿਦਿਆਰਥੀਆਂ ਦੇ ਕੰਮ ਦੀ ਆਲੋਚਨਾ ਮਦਦਗਾਰ ਅਤੇ ਉਤਸ਼ਾਹ ਵਧਾਉਣ ਵਾਲੀ ਹੋਣੀ ਚਾਹੀਦੀ ਹੈ ਅਤੇ ਕਦੇ ਵੀ ਨਿਰਾਦਰ ਵਾਲੀ ਨਹੀਂ ਹੋਣੀ ਚਾਹੀਦੀ।



ਯਾਦ ਰੱਖੋ, ਜੇਕਰ ਪਰਮੇਸ਼ੁਰ ਨੇ ਵੱਖ-ਵੱਖ ਵਿਅਕਤੀਆਂ ਨੂੰ ਸੇਵਕਾਈ ਲਈ ਬੁਲਾਇਆ ਹੈ, ਤਾਂ ਪਰਮੇਸ਼ੁਰ ਉਨ੍ਹਾਂ ਨੂੰ ਉਹ ਯੋਗਤਾਵਾਂ ਦੇ ਰਿਹਾ ਹੈ ਜਿਸ ਦੀ ਉਨ੍ਹਾਂ ਨੂੰ ਲੋੜ ਹੈ। ਵਿਦਿਆਰਥੀ ਪਹਿਲਾਂ ਹੀ ਆਪਣੀਆਂ ਸੇਵਕਾਈਆਂ ਵਿੱਚ ਪਰਮੇਸ਼ੁਰ ਦੇ ਮਸਹ ਅਤੇ ਬਰਕਤ ਦਾ ਪ੍ਰਦਰਸ਼ਨ ਕਰ ਸਕਦੇ ਹਨ। ਉਨ੍ਹਾਂ ਦੀ ਵਿਕਾਸ ਕਰਨ ਵਿੱਚ ਮਦਦ ਕਰਨਾ ਸਾਡੀ ਜ਼ਿੰਮੇਵਾਰੀ ਹੈ। ਉਨ੍ਹਾਂ ਨੂੰ ਨਿਰਾਸ਼ ਕਰਨਾ ਗਲਤ ਹੋਵੇਗਾ।

SGC ਵਿਦਿਆਰਥੀਆਂ ਦੇ ਜ਼ਿਆਦਾਤਰ ਸਮੂਹਾਂ ਵਿੱਚ ਉਮਰ ਦੀ ਇੱਕ ਵਿਸ਼ਾਲ ਸ਼੍ਰੇਣੀ ਹੋਵੇਗੀ। ਹੋ ਸਕਦਾ ਹੈ ਕਿ ਕਈਆਂ ਨੇ ਹੁਣੇ-ਹੁਣੇ ਸਕੂਲ ਦੀ ਪੜ੍ਹਾਈ ਖ਼ਤਮ ਕੀਤੀ ਹੋਵੇ। ਕਈ ਦਾਦਾ-ਦਾਦੀ ਦੀ ਉਮਰ ਦੇ ਹੋ ਸਕਦੇ ਹਨ। ਹੋ ਸਕਦਾ ਹੈ ਕਿ ਕੁਝ ਕਈ ਸਾਲਾਂ ਤੋਂ ਪਾਸਬਾਨ ਰਹੇ ਹੋਣ। ਕਦੇ-ਕਦੇ ਵਿਦਿਆਰਥੀ ਸਿੱਖਿਅਕ ਨਾਲੋਂ ਵੱਡਾ ਹੋ ਸਕਦਾ ਹੈ।

ਵੀਹ ਸਾਲ ਦਾ ਇੱਕ ਵਿਦਿਆਰਥੀ ਜਿਸ ਨੇ ਹੁਣੇ-ਹੁਣੇ ਸਕੂਲ ਦੀ ਪੜ੍ਹਾਈ ਪੂਰੀ ਕੀਤੀ ਹੈ, ਉਸ ਕੋਲ ਸੱਠ ਸਾਲ ਦੀ ਉਮਰ ਦੇ ਪਾਸਬਾਨ ਨਾਲੋਂ ਵਧੇਰੇ ਵਿੱਦਿਅਕ ਯੋਗਤਾ ਹੋ ਸਕਦੀ ਹੈ। ਪਰ, ਹਰੇਕ ਦਾ ਆਦਰ ਕਰਨਾ ਚਾਹੀਦਾ ਹੈ। ਸਾਨੂੰ ਵਿੱਦਿਅਕ ਯੋਗਤਾ ਦਾ ਅਜਿਹੇ ਤਰੀਕੇ ਨਾਲ ਆਦਰ ਨਹੀਂ ਕਰਨਾ ਚਾਹੀਦਾ ਜਿਸ ਨਾਲ ਪਰਿਪੱਕਤਾ ਅਤੇ ਅਨੁਭਵ ਦਾ ਨਿਰਾਦਰ ਹੋਵੇ। ਜਦ ਕਿ ਅਸੀਂ ਵਿੱਦਿਅਕ ਲੋੜਾਂ ਤੇ ਜ਼ੋਰ ਦਿੰਦੇ ਹਾਂ, ਸਾਨੂੰ ਵਿਦਿਆਰਥੀਆਂ ਨੂੰ ਸ਼ਰਮਿੰਦਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜੋ ਉਸ ਕਿਸਮ ਦੇ ਕੰਮ ਵਿੱਚ ਸਿੱਖਿਆ ਪ੍ਰਾਪਤ ਨਹੀਂ ਹਨ।

## ਬਾਲਗ ਸਿਖਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ

*ਬਾਲਗ ਸਿਖਿਆਰਥੀ* ਇੱਕ ਅਜਿਹਾ ਸ਼ਬਦ ਹੈ ਜਿਸ ਦੀ ਵਰਤੋਂ ਉਸ ਵਿਦਿਆਰਥੀ ਦਾ ਵਰਣਨ ਕਰਨ ਦੇ ਲਈ ਕੀਤੀ ਜਾਂਦੀ ਹੈ ਜਿਸ ਨੇ ਬਾਲਗ ਜੀਵਨ ਦੀ ਸ਼ੁਰੂਆਤ ਕੀਤੀ ਹੈ। ਬਾਲਗ ਸਿਖਿਆਰਥੀ ਸ਼ਾਦੀਸ਼ੁਦਾ ਹੋ ਸਕਦੇ ਹਨ ਅਤੇ ਉਨ੍ਹਾਂ ਦੇ ਬੱਚੇ ਵੀ ਹੋ ਸਕਦੇ ਹਨ। ਹੋ ਸਕਦਾ ਹੈ ਕਿ ਉਨ੍ਹਾਂ ਨੇ ਕਿਸੇ ਕਿੱਤੇ ਜਾਂ ਸੇਵਕਾਈ ਵਿੱਚ ਕੰਮ ਕੀਤਾ ਹੋਵੇ। ਉਹ ਪਹਿਲਾਂ ਹੀ ਜੀਵਨ ਵਿੱਚ ਕਈ ਤਰ੍ਹਾਂ ਦੇ ਅਨੁਭਵ ਕਰ ਚੁੱਕੇ ਹੋਣਗੇ। ਜਦੋਂ ਬਾਲਗ ਦੁਬਾਰਾ ਵਿਦਿਆਰਥੀ ਬਣਨ ਦੀ ਚੋਣ ਕਰਦੇ ਹਨ, ਤਾਂ ਉਹ ਕੁਝ ਨਿੱਜੀ ਟੀਚਿਆਂ ਲਈ ਵਚਨਬੱਧ ਹੁੰਦੇ ਹਨ।

ਸਿੱਖਿਅਕ ਦੀ ਅਤੇ ਕਲਾਸ ਦੀ ਸ਼ੈਲੀ ਬਾਲਗ ਸਿਖਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਹਿਸਾਬ ਨਾਲ ਤਿਆਰ ਕੀਤੀ ਜਾਣੀ ਚਾਹੀਦੀ ਹੈ।

1. **ਬਾਲਗ ਸਿਖਿਆਰਥੀ ਅਜਿਹੀ ਸਿਖਲਾਈ ਚਾਹੁੰਦੇ ਹਨ ਜੋ ਉਨ੍ਹਾਂ ਦੀ ਤੁਰੰਤ ਮਦਦ ਕਰੇ।** ਉਨ੍ਹਾਂ ਨੂੰ ਇਹ ਚਰਚਾ ਕਰਨ ਦੀ ਲੋੜ ਹੈ ਕਿ ਉਹ ਜੋ ਸਿੱਖ ਰਹੇ ਹਨ ਉਸ ਦਾ ਅਭਿਆਸ ਕਿਵੇਂ ਕਰਨਗੇ। ਕਲਾਸ ਨੂੰ ਵਿਦਿਆਰਥੀਆਂ ਲਈ ਇਹ ਦੱਸਣ ਵਾਸਤੇ ਵੱਖਰਾ ਸਮਾਂ ਰੱਖਣਾ ਚਾਹੀਦਾ ਹੈ ਕਿ ਉਹ ਗਿਆਨ ਨੂੰ ਕਿਵੇਂ ਲਾਗੂ ਕਰਨ ਦੀ ਉਮੀਦ ਕਰਦੇ ਹਨ। ਸਿੱਖਿਅਕ ਨੂੰ ਕਲਾਸ ਦਾ ਸਾਰਾ ਸਮਾਂ ਵਿਦਿਆਰਥੀਆਂ ਨਾਲ ਗੱਲਬਾਤ ਕੀਤੇ ਬਿਨਾਂ ਸਮੱਗਰੀ ਪੇਸ਼ ਕਰਨ ਵਿੱਚ ਨਹੀਂ ਬਿਤਾਉਣਾ ਚਾਹੀਦਾ।

2. **ਬਾਲਗ ਸਿਖਿਆਰਥੀ ਆਦਰ ਚਾਹੁੰਦੇ ਹਨ।** ਉਨ੍ਹਾਂ ਕੋਲ ਪਹਿਲਾਂ ਹੀ ਬਾਲਗ ਜ਼ਿੰਮੇਵਾਰੀਆਂ ਹਨ ਅਤੇ ਉਹ ਨਹੀਂ ਚਾਹੁੰਦੇ ਕਿ ਉਨ੍ਹਾਂ ਨਾਲ ਬੱਚਿਆਂ ਵਰਗਾ ਵਿਹਾਰ ਕੀਤਾ ਜਾਵੇ। ਸਿੱਖਿਅਕਾਂ ਨੂੰ ਸਿਖਿਆਰਥੀਆਂ ਵਾਲਾ ਰਵੱਈਆ ਰੱਖਣਾ ਚਾਹੀਦਾ ਹੈ ਅਤੇ ਵਿਚਾਰਾਂ ਪ੍ਰਤੀ ਖੁੱਲ੍ਹੇਪਣ ਦਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਵਿਦਿਆਰਥੀਆਂ ਦੇ ਅਨੁਭਵ ਅਤੇ ਗਿਆਨ ਦਾ ਆਦਰ ਕਰਨਾ ਚਾਹੀਦਾ ਹੈ।

3. **ਬਾਲਗ ਸਿਖਿਆਰਥੀ ਪੜ੍ਹਾਈ ਦੇ ਨਾਲ-ਨਾਲ ਚੋਣਾਂ ਕਰਨਾ ਚਾਹੁੰਦੇ ਹਨ।** ਉਨ੍ਹਾਂ ਦੇ ਅਨੁਭਵ ਅਤੇ ਟੀਚੇ ਉਨ੍ਹਾਂ ਲਈ ਕਈ ਤਰ੍ਹਾਂ ਦੇ ਅਧਿਐਨ ਨੂੰ ਆਕਰਸ਼ਕ ਅਤੇ ਢੁਕਵਾਂ ਬਣਾਉਂਦੇ ਹਨ। ਉਨ੍ਹਾਂ ਨੂੰ ਉਨ੍ਹਾਂ ਦੀਆਂ ਰੁਚੀਆਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੇ ਅਧਿਐਨ ਦੀਆਂ ਆਪਣੀਆਂ ਸ਼ੈਲੀਆਂ ਵਿਕਸਿਤ ਕਰਨ ਲਈ ਅਜ਼ਾਦੀ ਦੀ ਲੋੜ ਹੁੰਦੀ ਹੈ।

4. **ਬਾਲਗ ਸਿਖਿਆਰਥੀ ਕਲਾਸ ਵਿੱਚ ਅਭਿਆਸ ਕਰਨਾ ਚਾਹੁੰਦੇ ਹਨ।** ਸਿੱਖਿਅਕ ਨੂੰ ਵਿਦਿਆਰਥੀਆਂ ਦੀ ਪੇਸ਼ਕਾਰੀਆਂ ਬਣਾਉਣ, ਸਮੱਗਰੀ ਦੇ ਭਾਗਾਂ ਦੀ ਵਿਆਖਿਆ ਕਰਨ ਅਤੇ ਸਵਾਲਾਂ ਦੇ ਜਵਾਬ ਦੇਣ ਵਿੱਚ ਮਦਦ ਕਰਨੀ ਚਾਹੀਦੀ ਹੈ। ਕਈ ਵਾਰ ਵਿਦਿਆਰਥੀ ਆਪਣੇ ਤਜ਼ਰਬਿਆਂ ਤੋਂ ਕਹਾਣੀਆਂ ਸੁਣਾ ਸਕਦੇ ਹਨ। ਹਾਲਾਂਕਿ ਸਿੱਖਿਅਕਾਂ ਨੂੰ ਸਮਾਂ ਬਰਬਾਦ ਕਰਨ ਤੋਂ ਬਚਣਾ ਚਾਹੀਦਾ ਹੈ, ਉਨ੍ਹਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਕਹਾਣੀ ਵਿਦਿਆਰਥੀ ਵੱਲੋਂ ਸਿੱਖੀ ਗਈ ਕਿਸੇ ਗੱਲ ਨੂੰ ਲਾਗੂ ਕਰਨ ਦਾ ਤਰੀਕਾ ਹੋ ਸਕਦਾ ਹੈ।

5. **ਬਾਲਗ ਸਿਖਿਆਰਥੀ ਦੂਜੇ ਵਿਦਿਆਰਥੀਆਂ ਨਾਲ ਸੰਬੰਧ ਵਿਕਸਿਤ ਕਰਦੇ ਹਨ।** ਉਹ ਇੱਕ ਦੂਜੇ ਦੀ ਪ੍ਰਤੀਕਿਰਿਆ ਤੋਂ ਸਿੱਖਦੇ ਹਨ। ਉਹ ਇੱਜ਼ਤ ਦਿੰਦੇ ਹਨ ਅਤੇ ਇੱਜ਼ਤ ਕਰਵਾਉਂਦੇ ਹਨ। ਬਾਲਗ ਸਿਖਿਆਰਥੀ ਆਪਣੇ ਬਾਕੀ ਦੇ ਜੀਵਨਾਂ ਲਈ ਆਪਸੀ ਤਾਲਮੇਲ ਨੂੰ ਯਾਦ ਰੱਖਣਗੇ ਅਤੇ ਉਸ ਨੂੰ ਮਹੱਤਵ ਦੇਣਗੇ। ਕਲਾਸ ਨੂੰ ਚਰਚਾ ਦੇ ਲਈ ਕਦੇ-ਕਦੇ ਛੋਟੇ ਸਮੂਹਾਂ ਵਿੱਚ ਵੰਡਣ ਦੀ ਲੋੜ ਪੈ ਸਕਦੀ ਹੈ।

6. **ਬਾਲਗ ਸਿਖਿਆਰਥੀ ਉਨ੍ਹਾਂ ਦੇ ਆਪਣੇ** ਸਿੱਟਿਆਂ **ਤੇ ਪਹੁੰਚਣਾ ਚਾਹੁੰਦੇ ਹਨ।** ਉਹ ਉਮੀਦ ਕਰਦੇ ਹਨ ਕਿ ਵੱਖ-ਵੱਖ ਵਿਚਾਰਾਂ ਨੂੰ ਸਹਿਣ ਕੀਤਾ ਜਾਵੇਗਾ।

7. **ਬਾਲਗ ਸਿਖਿਆਰਥੀ** ਸਿੱਖਿਅਕ **ਨੂੰ ਪਸੰਦ ਕਰਨਾ ਅਤੇ ਉਸ ਦਾ ਆਦਰ ਕਰਨਾ ਚਾਹੁੰਦੇ ਹਨ।** ਉਹ ਇਹ ਉਮੀਦ ਨਹੀਂ ਕਰਦੇ ਕਿ ਉਨ੍ਹਾਂ ਅਤੇ ਸਿੱਖਿਅਕ ਵਿਚਾਲੇ ਪਦ ਜਾਂ ਅਹੁਦੇ ਦੀ ਦੂਰੀ ਓਨੀ ਵੱਡੀ ਹੋਵੇ ਜਿੰਨੀ ਇੱਕ ਯੂਨੀਵਰਸਿਟੀ ਵਿੱਚ ਇੱਕ ਵਿਦਿਆਰਥੀ ਅਤੇ ਪ੍ਰੋਫੈਸਰ ਵਿਚਾਲੇ ਹੁੰਦੀ ਹੈ। ਉਹ ਸਿਖਾਉਣ ਵਾਲੇ ਵੱਲੋਂ ਉਨ੍ਹਾਂ ਵੱਲ ਨਿੱਜੀ ਧਿਆਨ ਦੇਣ ਨੂੰ ਮਹੱਤਵ ਦਿੰਦੇ ਹਨ। ਉਹ ਸਿਰਫ਼ ਗਿਆਨ ਦੀ ਹੀ ਨਹੀਂ ਸਗੋਂ ਸਿੱਖਿਅਕ ਦੇ ਸਮਰਪਿਤ ਜੀਵਨ ਅਤੇ ਚਰਿੱਤਰ ਦੀ ਪ੍ਰਸ਼ੰਸਾ ਕਰਨ ਦੇ ਯੋਗ ਹੋਣਾ ਚਾਹੁੰਦੇ ਹਨ।

## ਵਿਦਿਆਰਥੀਆਂ ਦੇ ਲਈ ਪ੍ਰਤੀਕਿਰਿਆ

ਸਿਖਾਉਣ ਵਾਲੇ ਨੂੰ ਪੜ੍ਹਾਈ ਦੀਆਂ ਚੰਗੀਆਂ ਆਦਤਾਂ ਬਾਰੇ ਕਲਾਸ ਵਿੱਚ ਅਤੇ ਇਕੱਲੇ-ਇਕੱਲੇ ਵਿਦਿਆਰਥੀ ਨਾਲ ਗੱਲ ਕਰਨ ਲਈ ਸਮਾਂ ਕੱਢਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਆਪਣੇ ਆਪ ਨੂੰ ਅਨੁਸ਼ਾਸਿਤ ਕਰਨਾ ਅਤੇ ਰੋਜ਼ਾਨਾ ਅਧਿਐਨ ਦਾ ਸਮਾਂ ਨਿਰਧਾਰਤ ਕਰਨਾ ਸਿੱਖਣਾ ਚਾਹੀਦਾ ਹੈ।

ਸਿੱਖਿਅਕ ਨੂੰ ਖੁਦ ਕਰਨ ਵਾਲੇ ਕੰਮਾਂ ਅਤੇ ਹਾਜ਼ਰੀ ਦਾ ਸਾਵਧਾਨੀ ਨਾਲ ਰਿਕਾਰਡ ਰੱਖਣਾ ਚਾਹੀਦਾ ਹੈ। ਕੋਰਸ ਦੇ ਅੰਤ ਵਿੱਚ, ਰਿਕਾਰਡ ਹੀ ਗ੍ਰੇਡ ਦੇਣ ਦਾ ਅਧਾਰ ਹੋਵੇਗਾ। ਕੋਰਸ ਦੌਰਾਨ, ਜਦੋਂ ਕੁਝ ਵਿਦਿਆਰਥੀ ਚੰਗਾ ਪ੍ਰਦਰਸ਼ਨ ਨਹੀਂ ਕਰ ਰਹੇ ਹੁੰਦੇ, ਤਾਂ ਸਿੱਖਿਅਕ ਨੂੰ ਉਨ੍ਹਾਂ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਸੁਧਾਰ ਕਿਵੇਂ ਕਰਨਾ ਹੈ।

ਸਿੱਖਿਅਕ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਵਿਦਿਆਰਥੀ ਇਸ ਗੱਲ ਨੂੰ ਸਮਝਦਾ ਹੈ ਕਿ ਖੁਦ ਕਰਨ ਵਾਲਾ ਕੰਮ ਕਿਵੇਂ ਕਰਨਾ ਹੈ। ਖੁਦ ਕਰਨ ਵਾਲੇ ਕੰਮ ਜੋ ਸਹੀ ਢੰਗ ਨਾਲ ਨਹੀਂ ਕੀਤੇ ਗਏ ਹਨ, ਉਹ ਵਿਦਿਆਰਥੀ ਨੂੰ ਸੁਧਾਰ ਲਈ ਵਾਪਸ ਕੀਤੇ ਜਾਣੇ ਚਾਹੀਦੇ ਹਨ, ਪਰ ਸਿੱਖਿਅਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਦਿਆਰਥੀ ਇਸ ਗੱਲ ਨੂੰ ਸਮਝਦਾ ਹੈ ਕਿ ਕੰਮ ਨੂੰ ਕਿਵੇਂ ਸੁਧਾਰਨਾ ਹੈ।

ਜੇਕਰ ਵਿਦਿਆਰਥੀਆਂ ਦੀ ਹਾਜ਼ਰੀ ਜਾਂ ਖੁਦ ਕਰਨ ਵਾਲੇ ਕੰਮ ਉਨ੍ਹਾਂ ਦੇ ਗ੍ਰੇਡ ਘੱਟ ਕਰ ਰਹੇ ਹਨ, ਤਾਂ ਸਿੱਖਿਆ ਦੇਣ ਵਾਲੇ ਨੂੰ ਸੁਧਾਰ ਕਰਨ ਦੀ ਲੋੜ ਬਾਰੇ ਉਨ੍ਹਾਂ ਨਾਲ ਗੱਲ ਕਰਨੀ ਚਾਹੀਦੀ ਹੈ। ਵਿਦਿਆਰਥੀ ਨੂੰ ਕੋਰਸ ਦੇ ਅੰਤ ਵਿੱਚ ਉਨ੍ਹਾਂ ਦੇ ਗ੍ਰੇਡਾਂ ਤੋਂ ਹੈਰਾਨ ਨਹੀਂ ਹੋਣਾ ਚਾਹੀਦਾ।

# ਅਧਿਆਇ 5

# ਚੰਗੀ ਸਿਖਲਾਈ ਦੇਣ ਦੇ ਤਰੀਕੇ

## ਕਲਾਸ ਦੀ ਸ਼ੈਲੀ ਨਿਰਧਾਰਤ ਕਰਨਾ

ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ, ਉਤਸ਼ਾਹ ਅਤੇ ਉਮੀਦ ਹੁੰਦੀ ਹੈ। ਵਿਦਿਆਰਥੀਆਂ ਨੂੰ ਬਿਲਕੁਲ ਨਹੀਂ ਪਤਾ ਹੁੰਦਾ ਕਿ ਕੀ ਉਮੀਦ ਕਰਨੀ ਹੈ, ਪਰ ਉਹ ਸਮੂਹ ਤੋਂ ਮਦਦ ਲੈਣ ਦੀ ਉਮੀਦ ਕਰਦੇ ਹਨ।

ਕਲਾਸ ਦੀ ਪਹਿਲੀ ਮੀਟਿੰਗ ਬਾਅਦ ਦੀਆਂ ਮੀਟਿੰਗਾਂ ਨਾਲੋਂ ਵੱਖਰੀ ਹੋ ਸਕਦੀ ਹੈ ਕਿਉਂਕਿ ਕਲਾਸ ਬਾਰੇ ਜਾਣ-ਪਛਾਣ ਅਤੇ ਸਮਝਾਇਆ ਜਾਣਾ ਜ਼ਰੂਰੀ ਹੈ। ਪਰ, ਪਹਿਲੀ ਮੀਟਿੰਗ ਭਵਿੱਖ ਦੀਆਂ ਮੀਟਿੰਗਾਂ ਲਈ ਸ਼ੈਲੀ ਨਿਰਧਾਰਤ ਕਰੇਗੀ। ਉਦਾਹਰਣ ਲਈ, ਜੇਕਰ ਕੋਈ ਪਹਿਲੀ ਮੀਟਿੰਗ ਵਿੱਚ ਗੱਲ ਨਹੀਂ ਕਰਦਾ, ਤਾਂ ਉਹ ਵਿਅਕਤੀ ਭਵਿੱਖ ਵਿੱਚ ਚੁੱਪ ਰਹਿਣ ਦੀ ਉਮੀਦ ਕਰੇਗਾ। ਜੇਕਰ ਕੋਈ ਵਿਅਕਤੀ ਚਰਚਾ ਤੇ ਹਾਵੀ ਹੁੰਦਾ ਹੈ, ਤਾਂ ਸਮੂਹ ਭਵਿੱਖ ਦੀਆਂ ਚਰਚਾਵਾਂ ਵਿੱਚ ਉਸੇ ਵਿਅਕਤੀ ਦੇ ਹਾਵੀ ਹੋਣ ਦੀ ਉਮੀਦ ਕਰੇਗਾ। ਜੇ ਮੀਟਿੰਗ ਵਿੱਚ ਗੜਬੜ ਹੁੰਦੀ ਹੈ, ਤਾਂ ਉਹ ਭਵਿੱਖ ਵਿੱਚ ਵੀ ਇਹੀ ਉਮੀਦ ਕਰਨਗੇ। ਜੇਕਰ ਕਲਾਸ ਵਿੱਚ ਘੱਟ ਵਿਦਿਆਰਥੀ ਸ਼ਮੂਲੀਅਤ ਕਰਦੇ ਹਨ, ਤਾਂ ਉਹ ਉਸੇ ਨਮੂਨੇ ਦੀ ਉਮੀਦ ਕਰਨਗੇ।

ਕੁਝ ਵਿਦਿਆਰਥੀ ਕੁਝ ਮੀਟਿੰਗਾਂ ਤੋਂ ਬਾਅਦ ਇਸ ਲਈ ਛੱਡ ਕੇ ਜਾ ਸਕਦੇ ਹਨ ਕਿਉਂਕਿ ਕਲਾਸ ਉਸ ਤਰ੍ਹਾਂ ਦੀ ਨਹੀਂ ਹੈ ਜਿਸ ਤਰ੍ਹਾਂ ਦੀ ਉਨ੍ਹਾਂ ਨੇ ਉਮੀਦ ਕੀਤੀ ਸੀ। ਕਲਾਸ ਨੂੰ ਹਰ ਕਿਸੇ ਨੂੰ ਖੁਸ਼ ਕਰਨ ਦੇ ਹਿਸਾਬ ਨਾਲ ਨਹੀਂ ਬਣਾਇਆ ਜਾ ਸਕਦਾ, ਪਰ ਇਹ ਉਨ੍ਹਾਂ ਵਿਦਿਆਰਥੀਆਂ ਨੂੰ ਸੰਤੁਸ਼ਟ ਕਰਨ ਦੇ ਹਿਸਾਬ ਨਾਲ ਤਿਆਰ ਕੀਤੀ ਜਾਣੀ ਚਾਹੀਦੀ ਹੈ ਜੋ ਸਿੱਖਣਾ ਚਾਹੁੰਦੇ ਹਨ। ਕਲਾਸ ਦੀ ਸਹੀ ਢੰਗ ਨਾਲ ਅਗਵਾਈ ਕਰਨਾ ਮਹੱਤਵਪੂਰਣ ਹੈ ਤਾਂ ਜੋ ਉਹ ਵਿਦਿਆਰਥੀ ਜੋ ਸਹੀ ਗੱਲਾਂ ਦੀ ਉਮੀਦ ਕਰ ਰਹੇ ਸਨ ਨਿਰਾਸ਼ ਨਾ ਹੋਣ।

## ਨਤੀਜਿਆਂ ਦੇ ਲਈ ਟੀਚਾ

ਸਾਡੀ ਸਿਖਲਾਈ ਦੇ ਅੰਤਮ ਨਤੀਜੇ ਪ੍ਰਭਾਵਸ਼ਾਲੀ ਸੇਵਕਾਈਆਂ ਅਤੇ ਇਕਸਾਰ ਮਸੀਹੀ ਜੀਵਨ ਹੋਣੇ ਚਾਹੀਦੇ ਹਨ। ਪ੍ਰਭਾਵਸ਼ਾਲੀ ਪਾਸਬਾਨ, ਉਪਦੇਸ਼ਕ, ਖੁਸ਼ਖ਼ਬਰੀ ਪਰਚਾਰਕ ਅਤੇ ਮਿਸ਼ਨਰੀ ਉਹ ਉੱਤਮ ਉਤਪਾਦ ਹਨ ਜੋ ਅਸੀਂ ਆਪਣੇ ਪ੍ਰੋਗਰਾਮ ਤੋਂ ਚਾਹੁੰਦੇ ਹਾਂ।

ਸਿੱਖਿਅਕਾਂ ਨੂੰ ਇਹ ਜਾਣਨ ਲਈ ਕਿ ਕੀ ਉਨ੍ਹਾਂ ਦੀਆਂ ਕਲਾਸਾਂ ਪ੍ਰਭਾਵਸ਼ਾਲੀ ਹਨ, ਤੁਰੰਤ, ਨਿਰੀਖਣਯੋਗ ਨਤੀਜਿਆਂ ਦੀ ਤਲਾਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਇਹ ਵੇਖਣ ਦੀ ਉਡੀਕ ਕੀਤੇ ਬਿਨਾਂ ਕਿ ਉਨ੍ਹਾਂ ਦੇ ਵਿਦਿਆਰਥੀ ਸੇਵਕਾਈ ਵਿੱਚ ਵਧੀਆ ਪ੍ਰਦਰਸ਼ਨ ਕਰਦੇ ਹਨ ਜਾਂ ਨਹੀਂ, ਇਹ ਜਾਣਨਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਕਲਾਸਾਂ ਪ੍ਰਭਾਵਸ਼ਾਲੀ ਹਨ ਜਾਂ ਨਹੀਂ।

ਕਲਾਸ ਦੀ ਰੁਚੀ ਸਿੱਖਿਅਕ ਦਾ ਪਹਿਲਾ ਨਤੀਜਾ ਹੋਣਾ ਚਾਹੀਦਾ ਹੈ। ਸਿੱਖਿਅਕਾਂ ਨੂੰ ਤਰਤੀਬ ਬਣਾਈ ਰੱਖਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ ਧਿਆਨ ਦੇ ਸਕਣ। ਸਿੱਖਿਅਕ ਸਿਰਫ਼ ਵਿਦਿਆਰਥੀਆਂ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ ਜੇਕਰ ਉਨ੍ਹਾਂ ਦਾ ਧਿਆਨ ਬਿਲਕੁਲ ਘੱਟ ਹੈ। ਸਿੱਖਿਅਕਾਂ ਨੂੰ ਕਲਾਸ ਨੂੰ ਰੋਚਕ ਬਣਾਉਣਾ ਚਾਹੀਦਾ ਹੈ।

ਕਲਾਸ ਸਫ਼ਲ ਹੋ ਰਹੀ ਹੈ ਇਸ ਦੇ ਹੋਰ ਵੀ ਚਿੰਨ੍ਹ ਹਨ। ਇਨ੍ਹਾਂ ਚਿੰਨ੍ਹਾਂ ਵਿੱਚ ਚਰਚਾ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ, ਵਿਦਿਆਰਥੀਆਂ ਵੱਲੋਂ ਚੰਗੇ ਸਵਾਲ, ਚੰਗੀ ਹਾਜ਼ਰੀ, ਖੁਦ ਕਰਨ ਵਾਲੇ ਕੰਮਾਂ ਨੂੰ ਪੂਰਾ ਕਰਨਾ ਅਤੇ ਉਹ ਜੋ ਸਿੱਖ ਰਹੇ ਹਨ ਉਸ ਬਾਰੇ ਵਿਦਿਆਰਥੀਆਂ ਦਾ ਉਤਸ਼ਾਹ ਸ਼ਾਮਲ ਹਨ। ਜੇਕਰ ਸਿੱਖਿਅਕਾਂ ਨੂੰ ਇਹ ਚਿੰਨ੍ਹ ਨਹੀਂ ਦਿਖਾਈ ਦੇ ਰਹੇ ਹਨ, ਤਾਂ ਉਨ੍ਹਾਂ ਨੂੰ ਆਪਣੀਆਂ ਕਲਾਸਾਂ ਦੀ ਸ਼ੈਲੀ ਨੂੰ ਸੁਧਾਰਨ ਦੇ ਤਰੀਕੇ ਲੱਭਣੇ ਚਾਹੀਦੇ ਹਨ।

## ਚੰਗੀ ਤਰ੍ਹਾਂ ਸਿਖਾਉਣ ਦੇ ਲਈ ਹੋਰ ਨਿਰਦੇਸ਼



1. **ਸਮੇਂ ਦੀ ਕਦਰ ਕਰੋ।** ਮੀਟਿੰਗਾਂ ਸਮੇਂ ਸਿਰ ਸ਼ੁਰੂ ਅਤੇ ਸਮਾਪਤ ਕਰੋ। ਸਾਰਿਆਂ ਦੇ ਆਉਣ ਦੀ ਉਡੀਕ ਨਾ ਕਰੋ। ਜੇਕਰ ਤੁਸੀਂ ਦੇਰ ਨਾਲ ਸ਼ੁਰੂ ਕਰਦੇ ਹੋ, ਤਾਂ ਤੁਸੀਂ ਸਮੇਂ ਸਿਰ ਆਏ ਲੋਕਾਂ ਦਾ ਸਮਾਂ ਬਰਬਾਦ ਕਰ ਰਹੇ ਹੋ। ਜਦੋਂ ਤੁਸੀਂ ਦੇਰ ਨਾਲ ਖ਼ਤਮ ਕਰਦੇ ਹੋ, ਤਾਂ ਤੁਸੀਂ ਵਿਦਿਆਰਥੀਆਂ ਦੀਆਂ ਹੋਰ ਜ਼ਿੰਮੇਵਾਰੀਆਂ ਵਿੱਚ ਦਖਲਅੰਦਾਜ਼ੀ ਕਰਦੇ ਹੋ। ਕੁਝ ਸੱਭਿਆਚਾਰਾਂ ਵਿੱਚ, ਸਮੇਂ ਦੇ ਸੰਬੰਧ ਵਿੱਚ ਸਾਵਧਾਨੀ ਵਰਤਣੀ ਅਸਾਨੀ ਨਾਲ ਨਹੀਂ ਆਉਂਦੀ, ਪਰ ਉਨ੍ਹਾਂ ਸੱਭਿਆਚਾਰਾਂ ਦੇ ਲੋਕ ਜਾਣਦੇ ਹਨ ਕਿ ਰੁਜ਼ਗਾਰ ਜਾਂ ਯਾਤਰਾ ਦੇ ਸੰਬੰਧ ਵਿੱਚ ਸਮਾਂ-ਸਾਰਣੀ ਦਾ ਪਾਲਣ ਕਿਵੇਂ ਕਰਨਾ ਹੈ। ਉਨ੍ਹਾਂ ਨੂੰ ਕਲਾਸ ਨੂੰ ਵੀ ਓਨਾ ਹੀ ਮਹੱਤਵ ਦੇਣਾ ਚਾਹੀਦਾ ਹੈ।

2. **ਵਿਦਿਆਰਥੀਆਂ ਨੂੰ ਅੱਧੇ ਘੇਰੇ ਵਿੱਚ ਬਿਠਾਓ।** ਕਿਉਂਕਿ ਚਰਚਾ ਮਹੱਤਵਪੂਰਣ ਹੈ, ਬੈਠਣ ਦਾ ਪ੍ਰਬੰਧ ਇਸ ਤਰੀਕੇ ਨਾਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਇੱਕ ਦੂਜੇ ਨੂੰ ਵੇਖ ਸਕਣ।

3. **ਜਦੋਂ ਵਿਦਿਆਰਥੀ ਬੋਲਦੇ ਹਨ ਤਾਂ ਚੰਗੀ ਤਰ੍ਹਾਂ ਸੁਣੋ।** ਚੰਗੀ ਤਰ੍ਹਾਂ ਸੁਣਨ ਦੀਆਂ ਨਿਸ਼ਾਨੀਆਂ ਹਨ ਅੱਖਾਂ ਦਾ ਸੰਪਰਕ, ਇਕਾਗਰ ਚਿਹਰੇ ਦਾ ਹਾਵ-ਭਾਵ, ਧਿਆਨ ਭਟਕਣ ਨੂੰ ਨਜ਼ਰਅੰਦਾਜ਼ ਕਰਨਾ ਅਤੇ ਬੋਲਣ ਵਾਲੇ ਦੇ ਹਾਸੇ ਜਾਂ ਹੋਰ ਜਜ਼ਬਾਤਾਂ ਪ੍ਰਤੀ ਜਵਾਬਦੇਹੀ।

4. **ਯਕੀਨੀ ਬਣਾਓ ਕਿ ਕੋਈ ਵੀ ਵਿਦਿਆਰਥੀ ਹਮੇਸ਼ਾ ਚੁੱਪ ਨਾ ਰਹੇ।** ਅਜਿਹੇ ਵਿਦਿਆਰਥੀ ਨੂੰ ਕੋਈ ਸਵਾਲ ਪੁੱਛੋ ਜੋ ਜ਼ਿਆਦਾ ਨਹੀਂ ਬੋਲਦਾ ("ਤੇਰਾ ਇਸ ਬਾਰੇ ਕੀ ਵਿਚਾਰ ਹੈ, ਚਾਰਲਸ?")।

5. **ਅਜਿਹੇ ਸਵਾਲ ਪੁੱਛੋ ਜਿਨ੍ਹਾਂ ਦਾ ਉੱਤਰ ਵਿਦਿਆਰਥੀ ਆਪਣਾ ਆਤਮ-ਵਿਸ਼ਵਾਸ ਵਧਾਉਣ ਲਈ ਦੇ ਸਕਣ।** ਜੇਕਰ ਕੋਈ ਗਲਤ ਉੱਤਰ ਦਿੰਦਾ ਹੈ, ਤਾਂ ਇਸ ਦੀ ਆਲੋਚਨਾ ਕਰਨ ਤੋਂ ਪਹਿਲਾਂ ਉੱਤਰ ਬਾਰੇ ਕਿਸੇ ਚੰਗੀ ਗੱਲ ਦੀ ਹਾਮੀ ਭਰਨ ਦੀ ਕੋਸ਼ਿਸ਼ ਕਰੋ।

6. **ਹਰ ਟਿੱਪਣੀ ਦੀ ਆਲੋਚਨਾ ਕਰਨ ਤੋਂ ਪਹਿਲਾਂ ਕਿਸੇ ਤਰੀਕੇ ਨਾਲ ਉਸ ਦੀ ਹਾਮੀ ਭਰਨ ਦੀ ਕੋਸ਼ਿਸ਼ ਕਰੋ।** ਜੇਕਰ ਵਿਦਿਆਰਥੀਆਂ ਦੀ ਸ਼ਮੂਲੀਅਤ ਦੀ ਹਾਮੀ ਭਰੀ ਜਾਂਦੀ ਹੈ ਤਾਂ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧੇਗਾ।

7. **ਇੱਕ ਵਿਦਿਆਰਥੀ ਨੂੰ ਬਹੁਤ ਜ਼ਿਆਦਾ ਬੋਲਣ ਅਤੇ ਸਾਰੇ ਸਵਾਲਾਂ ਦੇ ਉੱਤਰ ਨਾ ਦੇਣ ਦਿਓ।** ਤੁਸੀਂ ਖ਼ਾਸ ਵਿਦਿਆਰਥੀਆਂ ਨੂੰ ਸਵਾਲ ਪੁੱਛ ਸਕਦੇ ਹੋ। ਜਾਂ ਤੁਸੀਂ ਪੁੱਛ ਸਕਦੇ ਹੋ, "ਬਾਕੀ ਸਭਨਾਂ ਦਾ ਕੀ ਵਿਚਾਰ ਹੈ?" ਚਰਚਾ ਵਿੱਚ, ਤੁਸੀਂ ਕਹਿ ਸਕਦੇ ਹੋ, "ਆਓ ਕਿਸੇ ਅਜਿਹੇ ਵਿਅਕਤੀ ਤੋਂ ਸੁਣੀਏ ਜਿਸ ਨੇ ਹਾਲੇ ਤੱਕ ਇਸ ਬਾਰੇ ਗੱਲ ਨਹੀਂ ਕੀਤੀ ਹੈ।"

   ਜੇਕਰ ਕੋਈ ਮੈਂਬਰ ਅਜੇ ਵੀ ਬਹੁਤ ਜ਼ਿਆਦਾ ਗੱਲ ਕਰਦੇ ਹਨ, ਤਾਂ ਆਗੂ ਮੀਟਿੰਗ ਤੋਂ ਬਾਅਦ ਉਨ੍ਹਾਂ ਨਾਲ ਗੱਲ ਕਰ ਸਕਦੇ ਹਨ। ਆਗੂ ਕੁਝ ਇਸ ਤਰ੍ਹਾਂ ਕਹਿ ਸਕਦਾ ਹੈ: "ਚਾਰਲਸ, ਤੂੰ ਤੇਜ਼ ਸੋਚਣ ਵਾਲਾ ਹੈਂ ਅਤੇ ਚਰਚਾ ਵਿੱਚ ਤੇਜ਼ੀ ਨਾਲ ਜਵਾਬ ਦੇਣ ਦੇ ਯੋਗ ਹੈਂ, ਪਰ ਮੈਨੂੰ ਇਸ ਗੱਲ ਦੀ ਚਿੰਤਾ ਹੈ ਕਿ ਜੇਕਰ ਅਸੀਂ ਹਰ ਗੱਲ ਦਾ ਜਲਦੀ ਨਾਲ ਜਵਾਬ ਦੇਵਾਂਗੇ ਤਾਂ ਬਾਕੀ ਸਭ ਹਿੱਸਾ ਨਹੀਂ ਲੈਣਗੇ। ਕੀ ਤੂੰ ਸਾਰਿਆਂ ਨੂੰ ਸ਼ਾਮਲ ਕਰਨ ਵਿੱਚ ਮੇਰੀ ਮਦਦ ਕਰ ਸਕਦਾ ਹੈਂ?"

8. **ਸਮੂਹ ਨੂੰ ਨਜ਼ਰਅੰਦਾਜ਼ ਕਰਦੇ ਹੋਏ ਦੋ ਜਾਂ ਤਿੰਨ ਵਿਦਿਆਰਥੀਆਂ ਨੂੰ ਬਹਿਸ ਨਾ ਕਰਦੇ ਰਹਿਣ ਦਿਓ।** ਜੇਕਰ ਕੋਈ ਕਿਸੇ ਗੱਲ ਨੂੰ ਲੈ ਕੇ ਲੰਬੇ ਸਮੇਂ ਤੱਕ ਬਹਿਸ ਕਰਦਾ ਰਹਿਣਾ ਚਾਹੁੰਦਾ ਹੈ ਤਾਂ ਉਸ ਵਿਅਕਤੀ ਨੂੰ ਕਹੋ ਕਿ ਚਰਚਾ ਨੂੰ ਬਾਅਦ ਵਿੱਚ ਖਤਮ ਕਰਨਾ ਪਵੇਗਾ।

9. **ਕਿਸੇ ਨੂੰ ਵੀ ਦੂਜਿਆਂ ਦੀ ਗੱਲ ਨਾ ਟੋਕਣ ਦਿਓ।** ਆਪਣਾ ਹੱਥ ਉਠਾਓ, ਟੋਕਣ ਵਾਲੇ ਨੂੰ ਦ੍ਰਿੜਤਾ ਨਾਲ ਰੋਕੋ ਅਤੇ ਪਹਿਲਾਂ ਬੋਲਣ ਵਾਲੇ ਨੂੰ ਉਸ ਦੀ ਗੱਲ ਪੂਰੀ ਕਰਨ ਦਿਓ। ਨਹੀਂ ਤਾਂ, ਚਰਚਾ ਵਿੱਚ ਹਮੇਸ਼ਾ ਘੱਟ ਸ਼ਿਸ਼ਟਾਚਾਰ ਵਾਲੇ ਮੈਂਬਰਾਂ ਦਾ ਦਬਦਬਾ ਰਹੇਗਾ। ਜਿਹੜੇ ਲੋਕ ਘੱਟ ਕ੍ਰਿਆਸ਼ੀਲ ਹਨ ਉਹ ਨਿਰਾਸ਼ ਮਹਿਸੂਸ ਕਰਨਗੇ ਕਿ ਉਹ ਆਪਣੀ ਗੱਲ ਨੂੰ ਪੂਰਾ ਨਹੀਂ ਕਰ ਸਕਦੇ।

10. **ਸ਼ਿਕਾਇਤਾਂ ਸੁਣੋ।** ਕੋਈ ਵੀ ਸ਼ਿਕਾਇਤ ਕੋਈ ਅਜਿਹੀ ਸਮੱਸਿਆ ਦਿਖਾ ਸਕਦੀ ਹੈ ਜਿਸ ਨੂੰ ਠੀਕ ਕੀਤਾ ਜਾ ਸਕਦਾ ਹੈ। ਅਸੰਤੁਸ਼ਟੀ ਦੇ ਸੰਕੇਤਾਂ ਨੂੰ ਨਜ਼ਰਅੰਦਾਜ਼ ਨਾ ਕਰੋ। ਜੇਕਰ ਕੋਈ ਵਿਅਕਤੀ ਕਲਾਸ ਤੋਂ ਅਸੰਤੁਸ਼ਟ ਹੈ, ਤਾਂ ਹੋ ਸਕਦਾ ਹੈ ਕਿ ਉਹ ਉਦੇਸ਼ ਨੂੰ ਨਾ ਸਮਝਦਾ ਹੋਵੇ, ਜਾਂ ਉਸ ਦੀ ਕੋਈ ਉਚਿਤ ਸ਼ਿਕਾਇਤ ਹੋ ਸਕਦੀ ਹੈ।

11. **ਵਿਘਨ ਪਾਉਣ ਵਾਲੇ ਵਿਦਿਆਰਥੀ ਨੂੰ ਸੁਧਾਰੋ।** ਜੇਕਰ ਕੁਝ ਵਿਦਿਆਰਥੀ ਲਗਾਤਾਰ ਵਿਰੋਧੀ, ਵਿਘਨ ਪਾਉਣ ਵਾਲੇ, ਬਹਿਸ ਕਰਨ ਵਾਲੇ, ਜਾਂ ਅਕਾਉਣ ਵਾਲੇ ਕੰਮ ਕਰਦੇ ਹਨ, ਤਾਂ ਉਹ ਕਲਾਸ ਦੇ ਉਦੇਸ਼ ਨੂੰ ਸਵੀਕਾਰ ਨਹੀਂ ਕਰ ਸਕਦੇ। ਹੋ ਸਕਦਾ ਹੈ ਕਿ ਕਲਾਸ ਉਹ ਚੀਜ਼ ਨਾ ਹੋਵੇ ਜਿਸ ਦੀ ਉਨ੍ਹਾਂ ਨੂੰ ਉਮੀਦ ਸੀ। ਕਲਾਸ ਦੇ ਉਦੇਸ਼ ਨੂੰ ਸਮਝਣ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ ਉਨ੍ਹਾਂ ਨਾਲ ਨਿੱਜੀ ਤੌਰ ਤੇ ਗੱਲ ਕਰੋ।

12. **ਜੇਕਰ ਤੁਹਾਨੂੰ ਉੱਤਰ ਨਹੀਂ ਪਤਾ ਹੈ ਤਾਂ ਦਿਖਾਵਾ ਨਾ ਕਰੋ ਕਿ ਤੁਹਾਨੂੰ ਉੱਤਰ ਪਤਾ ਹੈ।** ਜ਼ਰੂਰੀ ਨਹੀਂ ਕਿ ਸਿੱਖਿਅਕ ਨੂੰ ਹਰ ਗੱਲ ਦਾ ਪਤਾ ਹੋਵੇ। ਵਿਦਿਆਰਥੀਆਂ ਨੂੰ ਇਹ ਦੱਸਣਾ ਠੀਕ ਹੈ ਕਿ ਤੁਸੀਂ ਉੱਤਰ ਲੱਭੋਗੇ।

13. **ਚਰਚਾਵਾਂ ਨੂੰ ਵਿਨਾਸ਼ਕਾਰੀ ਨਾ ਬਣਨ ਦਿਓ।** ਸਮੂਹ ਨੂੰ ਸਥਾਨਕ ਕਲੀਸੀਆ ਅਤੇ ਆਗੂਆਂ ਦੀ ਆਲੋਚਨਾ ਦਾ ਮੰਚ ਨਾ ਬਣਨ ਦਿਓ। ਬਹੁਤ ਸਾਰੇ ਪਾਸਬਾਨਾਂ ਨੂੰ ਚਿੰਤਾ ਹੋਣ ਲੱਗ ਜਾਂਦੀ ਹੈ ਜਦੋਂ ਉਨ੍ਹਾਂ ਦੇ ਮੈਂਬਰ ਕਿਸੇ ਕਲਾਸ ਵਿੱਚ ਸ਼ਾਮਲ ਹੁੰਦੇ ਹਨ।

14. **ਆਪਣੇ ਵਿਦਿਆਰਥੀਆਂ ਨੂੰ ਜਾਣੋ।** ਜੇਕਰ ਤੁਸੀਂ ਉਨ੍ਹਾਂ ਦੀ ਪਰਿਵਾਰਕ ਸਥਿਤੀ, ਸੇਵਕਾਈ ਦੇ ਤਜਰਬੇ, ਵਿੱਦਿਅਕ ਪਿਛੋਕੜ, ਮੌਜੂਦਾ ਸੇਵਕਾਈ ਦੀ ਸਥਿਤੀ ਅਤੇ ਭਵਿੱਖ ਦੇ ਟੀਚਿਆਂ ਬਾਰੇ ਜਾਣਦੇ ਹੋ ਤਾਂ ਤੁਸੀਂ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਸਿਖਾ ਸਕਦੇ ਹੋ। ਨਿੱਜੀ ਗੱਲਬਾਤ ਦੌਰਾਨ ਇਨ੍ਹਾਂ ਗੱਲਾਂ ਬਾਰੇ ਜਾਣਨ ਦੀ ਕੋਸ਼ਿਸ਼ ਕਰੋ।

ਬਾਲਗ ਸਿਖਿਆਰਥੀਆਂ ਦੀਆਂ ਚੰਗੀਆਂ ਸਿੱਖਿਆਵਾਂ ਅਤੇ ਵਿਸ਼ੇਸ਼ਤਾਵਾਂ ਲਈ ਹੋਰ ਨਿਰਦੇਸ਼ ਅਧਿਆਇ 6 ਵਿੱਚ ਦਿੱਤੇ ਗਏ ਹਨ।

## ਅਧਿਆਇ 6

# SGC ਕੋਰਸਾਂ ਬਾਰੇ ਕਿਵੇਂ ਸਿਖਾਉਣਾ ਹੈ

### ਜਮਾਤ

ਜੇਕਰ ਸੰਭਵ ਹੋਵੇ ਤਾਂ ਸਿੱਖਿਅਕ ਨੂੰ ਜਮਾਤ ਦਾ ਪ੍ਰਬੰਧ ਪਹਿਲਾਂ ਤੋਂ ਹੀ ਕਰ ਲੈਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਅਜਿਹੇ ਤਰੀਕੇ ਨਾਲ ਬੈਠਣਾ ਚਾਹੀਦਾ ਹੈ ਜਿਸ ਨਾਲ ਉਹ ਇੱਕ ਦੂਜੇ ਨੂੰ ਵੇਖ ਸਕਣ। ਸਿੱਖਿਅਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਲਾਸ ਦੇ ਸਮੇਂ ਦੌਰਾਨ ਜਗ੍ਹਾ ਧਿਆਨ ਭਟਕਾਉਣ ਵਾਲੀਆਂ ਗਤੀਵਿਧੀਆਂ ਅਤੇ ਰੌਲੇ-ਰੱਪੇ ਤੋਂ ਮੁਕਤ ਹੋਵੇ। ਸਿੱਖਿਅਕ ਨੂੰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉੱਥੇ ਅਰਾਮ ਨਾਲ ਬੈਠਣ ਦੀ ਸੁਵਿਧਾ, ਸੁਖਾਵਾਂ ਤਾਪਮਾਨ ਅਤੇ ਚੰਗੀ ਰੋਸ਼ਨੀ ਹੋਵੇ। ਜਮਾਤ ਤੋਂ ਬਾਹਰ ਅਧਿਐਨ ਕਰਨਾ ਵੀ ਚੰਗਾ ਹੋ ਸਕਦਾ ਹੈ ਜੇਕਰ ਬਾਹਰ ਧਿਆਨ ਨੂੰ ਭਟਕਾਉਣ ਵਾਲੀਆਂ ਚੀਜ਼ਾਂ ਨਾ ਹੋਣ।

ਜਮਾਤ ਵਿੱਚ ਲਿਖਣ ਅਤੇ ਡਰਾਇੰਗ ਕਰਨ ਲਈ ਇੱਕ ਵੱਡਾ ਬੋਰਡ ਲੱਗਾ ਹੋਣਾ ਚਾਹੀਦਾ ਹੈ।

### ਕਲਾਸ ਦਾ ਪਹਿਲਾ ਦਿਨ

ਸਿੱਖਿਅਕਾਂ ਨੂੰ ਆਪਣੇ ਪਰਿਵਾਰਾਂ, ਸੇਵਕਾਈ ਦੇ ਤਜ਼ਰਬਿਆਂ, ਮੌਜੂਦਾ ਸੇਵਕਾਈਆਂ ਅਤੇ ਵਿੱਦਿਅਕ ਪਿਛੋਕੜ ਬਾਰੇ ਦੱਸਦੇ ਹੋਏ ਆਪਣੀ ਜਾਣ-ਪਛਾਣ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਉਪਲਬਧੀਆਂ ਬਾਰੇ ਦੱਸਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਕਿ ਕਿਸੇ ਨੂੰ ਇਹ ਨਾ ਲੱਗੇ ਕਿ ਉੱਚੇ ਦਰਜੇ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਜਾਣਕਾਰੀ ਸਾਂਝੀ ਕਰਨ ਦਾ ਉਦੇਸ਼ ਵਿਦਿਆਰਥੀਆਂ ਨਾਲ ਰਿਸ਼ਤਾ ਕਾਇਮ ਕਰਨਾ ਹੈ।

ਵਿਦਿਆਰਥੀਆਂ ਨੂੰ ਆਪਣੀ ਜਾਣ-ਪਛਾਣ ਛੋਟੇ ਸ਼ਬਦਾਂ ਵਿੱਚ ਕਰਵਾਉਣੀ ਚਾਹੀਦੀ ਹੈ। ਸਿੱਖਿਅਕ ਦਿਲਚਸਪੀ ਦਿਖਾਉਣ ਅਤੇ ਉਨ੍ਹਾਂ ਵਿਚਾਲੇ ਸੰਪਰਕ ਪੈਦਾ ਕਰਨ ਲਈ ਇੱਕ ਦੋ ਸਵਾਲ ਪੁੱਛ ਕੇ ਹਰ ਇੱਕ ਨਾਲ ਛੋਟੇ ਸ਼ਬਦਾਂ ਵਿੱਚ ਗੱਲਬਾਤ ਕਰ ਸਕਦਾ ਹੈ।

ਜਾਣ-ਪਛਾਣ ਤੋਂ ਬਾਅਦ ਪ੍ਰਾਰਥਨਾ ਦਾ ਸਮਾਂ ਹੋ ਸਕਦਾ ਹੈ। ਪ੍ਰਾਰਥਨਾ ਕਰੋ ਕਿ ਪਰਮੇਸ਼ੁਰ ਕਲਾਸ ਦੀ ਵਰਤੋਂ ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਰੇ। ਸਿੱਖਿਆ ਨੂੰ ਜੀਵਨ ਬਦਲਣ ਵਾਲੀ ਅਤੇ ਉਪਯੋਗੀ ਬਣਾਉਣ ਲਈ ਸਿੱਖਿਅਕ ਨੂੰ ਪਰਮੇਸ਼ੁਰ ਉੱਤੇ ਨਿਰਭਰਤਾ ਵਿਖਾਉਣੀ ਚਾਹੀਦੀ ਹੈ। ਭਵਿੱਖ ਦੇ ਕਲਾਸ ਸੈਸ਼ਨਾਂ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਪ੍ਰਾਰਥਨਾ ਦੀਆਂ ਲੋੜਾਂ ਬਾਰੇ ਛੋਟੇ ਸ਼ਬਦਾਂ ਵਿੱਚ ਦੱਸਣਾ ਸ਼ਾਮਲ ਹੋ ਸਕਦਾ ਹੈ।

ਸਿੱਖਿਅਕਾਂ ਨੂੰ ਵਿਦਿਆਰਥੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਕਿਹੜੀਆਂ-ਕਿਹੜੀਆਂ ਚੀਜ਼ਾਂ ਲਿਆਉਣੀਆਂ ਹਨ, ਜਿਸ ਵਿੱਚ ਬਾਈਬਲਾਂ, ਛਪਾਏ ਹੋਏ ਕੋਰਸ ਅਤੇ ਲਿਖਣ ਵਾਲੀ ਸਮੱਗਰੀ ਸ਼ਾਮਲ ਹੈ। ਸਿੱਖਿਅਕਾਂ ਨੂੰ ਇਸ ਗੱਲ ਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਵਿਦਿਆਰਥੀਆਂ ਨੂੰ ਸਿਰਫ਼ ਇਮਤਿਹਾਨ ਦੇ ਲਈ ਨਹੀਂ ਬਲਕਿ ਆਪਣੇ ਭਵਿੱਖ ਦੇ ਫਾਇਦੇ ਲਈ ਸਾਰੀਆਂ ਗੱਲਾਂ ਲਿਖ ਲੈਣੀਆਂ ਚਾਹੀਦੀਆਂ ਹਨ। (ਸਾਰੀ ਇਮਤਿਹਾਨ ਸਮੱਗਰੀ ਕੋਰਸ ਪਾਠਕ੍ਰਮ ਵਿੱਚ ਹੈ।)

ਜਾਣ-ਪਛਾਣ ਤੋਂ ਬਾਅਦ, ਪਹਿਲੇ ਦਿਨ ਦੀ ਕਲਾਸ ਉਸ ਸ਼ੈਲੀ ਦੀ ਹੋਣੀ ਚਾਹੀਦੀ ਹੈ ਜੋ ਭਵਿੱਖ ਵਿੱਚ ਕਲਾਸ ਵਿੱਚ ਹੋਵੇਗੀ, ਤਾਂ ਜੋ ਵਿਦਿਆਰਥੀ ਜਾਣ ਲੈਣ ਕਿ ਕੀ ਉਮੀਦ ਕਰਨੀ ਹੈ।

## ਪਾਠ ਦੀ ਬਣਤਰ

SGC ਕੋਰਸ ਸਿਰਫ਼ ਪੁਸਤਕਾਂ ਨਹੀਂ ਹਨ; ਇਹ ਸਿੱਖਿਆ ਲਈ ਤਿਆਰ ਕੀਤੇ ਗਏ ਕੋਰਸ ਹਨ। ਹਰੇਕ ਕੋਰਸ ਵਿੱਚ ਪਹਿਲਾਂ ਸਿੱਖਿਆ ਦੇਣ ਵਾਲੇ ਦੇ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ। ਕੋਰਸ ਇੱਕ ਦੂਜੇ ਦੇ ਸਮਾਨ ਹਨ ਪਰ ਬਣਤਰ ਵਿੱਚ ਬਿਲਕੁਲ ਇੱਕੋ ਜਿਹੇ ਨਹੀਂ ਹਨ।



ਕੋਰਸਾਂ ਦੇ ਕੁਝ ਪਾਠ ਪਾਠ ਦੇ ਉਦੇਸ਼ਾਂ ਨਾਲ ਸ਼ੁਰੂ ਹੁੰਦੇ ਹਨ। ਸਿੱਖਿਆ ਦੇਣ ਵਾਲੇ ਦੇ ਲਈ ਇਹ ਜ਼ਰੂਰੀ ਨਹੀਂ ਹੈ ਕਿ ਉਹ ਉਨ੍ਹਾਂ ਨੂੰ ਜਮਾਤ ਦੇ ਅੱਗੇ ਪੜ੍ਹੇ।

ਬਹੁਤ ਸਾਰੇ ਪਾਠ ਇੱਕ ਸਵਾਲ ਜਾਂ ਕਹਾਣੀ ਜਾਂ ਕਿਸੇ ਹੋਰ ਤਕਨੀਕ ਨਾਲ ਸ਼ੁਰੂ ਹੁੰਦੇ ਹਨ ਜਿਸ ਨਾਲ ਦਿਲਚਸਪੀ ਪੈਦਾ ਹੁੰਦੀ ਹੈ ਅਤੇ ਵਿਦਿਆਰਥੀ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਵਿਸ਼ਾ ਮਹੱਤਵਪੂਰਣ ਹੈ।

ਸਿੱਖਿਅਕ ਪੂਰੇ ਪਾਠ ਨੂੰ ਇੱਕ-ਇੱਕ ਪੰਨਾ ਕਰਕੇ ਪੜ੍ਹਾ ਸਕਦੇ ਹਨ, ਸਮੱਗਰੀ ਦੇ ਪੈਰਿਆਂ ਦੀ ਵਿਆਖਿਆ ਕਰ ਸਕਦੇ ਹਨ। ਉਨ੍ਹਾਂ ਨੂੰ ਇਹ ਯਕੀਨੀ ਬਣਾ ਕੇ ਕਿ ਉਹ ਸਮੱਗਰੀ ਨੂੰ ਸਮਝਦੇ ਹਨ ਅਤੇ ਹਰੇਕ ਪੈਰ੍ਹੇ ਨੂੰ ਸਮਝਾਉਣ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ ਮੁੱਖ ਵਾਕਾਂ ਨੂੰ ਰੇਖਾਂਕਿਤ ਕਰਕੇ ਪਹਿਲਾਂ ਤੋਂ ਹੀ ਤਿਆਰੀ ਕਰਨੀ ਚਾਹੀਦੀ ਹੈ।

ਚਰਚਾ ਦੇ ਸਵਾਲ ਪੂਰੇ ਵਿਸ਼ਾ-ਵਸਤੂਆਂ ਵਿੱਚ ਹੁੰਦੇ ਹਨ। ਕਈ ਵਾਰ ਇੱਕ ਸਵਾਲ ਅੱਗੇ ਦਿੱਤੀ ਸਮੱਗਰੀ ਨਾਲ ਜਾਣ-ਪਛਾਣ ਕਰਾਉਂਦਾ ਹੈ। ਕਈ ਵਾਰ, ਸਵਾਲ ਵਿਦਿਆਰਥੀਆਂ ਨੂੰ ਉਸ ਦਾ ਜਵਾਬ ਦੇਣ ਲਈ ਕਹਿੰਦਾ ਹੈ ਜੋ ਉਨ੍ਹਾਂ ਨੇ ਹੁਣੇ ਪੜ੍ਹਿਆ ਹੈ। ਸਵਾਲ "ਹਾਂ" ਜਾਂ "ਨਹੀਂ" ਜਵਾਬ ਦੀ ਮੰਗ ਨਹੀਂ ਕਰਦੇ, ਪਰ ਸਪੱਸ਼ਟੀਕਰਨ ਦੀ ਮੰਗ ਕਰਦੇ ਹਨ। ਸਿੱਖਿਅਕ ਨੂੰ ਅਲੱਗ-ਅਲੱਗ ਵਿਦਿਆਰਥੀਆਂ ਨੂੰ ਜਵਾਬ ਦੇਣ ਦੇਣਾ ਚਾਹੀਦਾ ਹੈ। ਇਹ ਜ਼ਰੂਰੀ ਨਹੀਂ ਹੈ ਕਿ ਚਰਚਾ ਵਿੱਚ ਹਰ ਵਾਰ ਕਿਸੇ ਨਿਸ਼ਚਿਤ ਸਿੱਟੇ ਤੇ ਪਹੁੰਚਿਆ ਜਾਵੇ, ਖ਼ਾਸ ਕਰਕੇ ਜਦੋਂ ਸਵਾਲ ਅੱਗੇ ਦਿੱਤੀ ਸਮੱਗਰੀ ਨਾਲ ਜਾਣ-ਪਛਾਣ ਕਰਾਉਂਦਾ ਹੋਵੇ।

ਸਿੱਖਿਅਕਾਂ ਨੂੰ ਆਪਣੇ ਖੁਦ ਦੇ ਚਰਚਾ ਵਾਲੇ ਵਾਧੂ ਸਵਾਲ ਸ਼ਾਮਲ ਕਰਨ ਦੀ ਲੋੜ ਪਵੇਗੀ। ਜਦੋਂ ਵੀ ਸਿੱਖਿਅਕਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹ ਵਿਦਿਆਰਥੀਆਂ ਵੱਲੋਂ ਬਿਨਾਂ ਕੋਈ ਗੱਲ ਕੀਤੇ ਕਈ ਮਿੰਟਾਂ ਤੋਂ ਆਪ ਹੀ ਗੱਲਬਾਤ ਕਰ ਰਹੇ ਹਨ, ਤਾਂ ਉਨ੍ਹਾਂ ਨੂੰ ਵਿਦਿਆਰਥੀਆਂ ਨੂੰ ਇੱਕ ਸਵਾਲ ਪੁੱਛਣਾ ਚਾਹੀਦਾ ਹੈ।

ਚਰਚਾਵਾਂ ਨੂੰ ਸਮੇਂ ਦੀ ਬਰਬਾਦੀ ਤੋਂ ਬਚਾਉਣਾ ਹਮੇਸ਼ਾ ਇੱਕ ਚੁਣੌਤੀ ਹੁੰਦਾ ਹੈ। ਪਰ, ਜ਼ਿਆਦਾਤਰ ਲੋਕ ਚਰਚਾ ਕੀਤੇ ਬਿਨਾਂ ਚੰਗੀ ਤਰ੍ਹਾਂ ਨਹੀਂ ਸਿੱਖਦੇ। ਵਿਦਿਆਰਥੀਆਂ ਨੂੰ ਸੋਚਣ ਅਤੇ ਦੂਜਿਆਂ ਦੀਆਂ ਗੱਲਾਂ ਸੁਣਨ ਲਈ ਸਮੇਂ ਦੀ ਲੋੜ ਹੁੰਦੀ ਹੈ ਕਿ ਧਾਰਣਾਵਾਂ ਉਨ੍ਹਾਂ ਦੇ ਸੱਭਿਆਚਾਰਾਂ ਅਤੇ ਕਲੀਸੀਆ ਦੀਆਂ ਸਥਿਤੀਆਂ ਤੇ ਕਿਵੇਂ ਲਾਗੂ ਹੁੰਦੀਆਂ ਹਨ।

ਜ਼ਿਆਦਾਤਰ ਪਾਠ ਖੁਦ ਕਰਨ ਵਾਲੇ ਕੰਮਾਂ ਨਾਲ ਖ਼ਤਮ ਹੁੰਦੇ ਹਨ। ਸਿੱਖਿਅਕ ਨੂੰ ਖੁਦ ਕਰਨ ਵਾਲੇ ਕੰਮ ਦੀ ਵਿਆਖਿਆ ਕਰਨੀ ਚਾਹੀਦੀ ਹੈ। ਜੇਕਰ ਕਲਾਸ ਦੇ ਇੱਕ ਦਿਨ ਵਿੱਚ ਕਈ ਪਾਠ ਸ਼ਾਮਲ ਹਨ, ਤਾਂ ਸਿੱਖਿਅਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਦਿਆਰਥੀ ਅਗਲੀ ਕਲਾਸ ਵਿੱਚ ਹੋਣ ਵਾਲੇ ਸਾਰੇ ਖੁਦ ਕਰਨ ਵਾਲੇ ਕੰਮਾਂ ਨੂੰ ਸਮਝ ਲੈਣ।

## ਬਾਅਦ ਦੇ ਕਲਾਸ ਦੇ ਦਿਨ

ਪਹਿਲੇ ਦਿਨ ਤੋਂ ਬਾਅਦ ਖੁਦ ਕਰਨ ਵਾਲੇ ਕੰਮ ਪੂਰੇ ਕਰਕੇ ਕਲਾਸ ਵਿੱਚ ਲੈ ਕੇ ਆਉਣੇ ਹੋਣਗੇ। ਸਿੱਖਿਅਕ ਨੂੰ ਕਲਾਸ ਦੇ ਸ਼ੁਰੂ ਵਿੱਚ ਖੁਦ ਕਰਨ ਵਾਲੇ ਕੰਮ ਇਕੱਠੇ ਕਰਨੇ ਚਾਹੀਦੇ ਹਨ। ਕੁਝ ਵਿਦਿਆਰਥੀ ਪੇਸ਼ਕਾਰੀਆਂ ਸ਼ੁਰੂ ਵਿੱਚ ਅਤੇ ਕੁਝ ਬਾਅਦ ਵਿੱਚ ਕਲਾਸ ਦੇ ਸਮੇਂ ਦੌਰਾਨ ਦਿਨ ਵਿੱਚ ਕੁਝ ਵਿਭਿੰਨਤਾ ਪ੍ਰਦਾਨ ਕਰਨ ਲਈ ਕੀਤੀਆਂ ਜਾ ਸਕਦੀਆਂ ਹਨ।

ਜਦੋਂ ਕੋਈ ਇਮਤਿਹਾਨ ਹੋਵੇ ਜਾਂ ਮੂੰਹ ਜ਼ਬਾਨੀ ਕੁਝ ਲਿਖਿਆ ਜਾਣਾ ਹੋਵੇ, ਤਾਂ ਇਹ ਯਕੀਨੀ ਬਣਾਉਣਾ ਜ਼ਰੂਰੀ ਹੁੰਦਾ ਹੈ ਕਿ ਵਿਦਿਆਰਥੀ ਬੈਠੇ ਹੋਣ ਤਾਂ ਜੋ ਉਹ ਅਸਾਨੀ ਨਾਲ ਇਹ ਦੇਖਣ ਤੋਂ ਬਚ ਸਕਣ ਕਿ ਦੂਜੇ ਵਿਦਿਆਰਥੀ ਕੀ ਲਿਖ ਰਹੇ ਹਨ।

ਨਿਰਧਾਰਤ ਵਿਦਿਆਰਥੀ ਪੇਸ਼ਕਾਰੀਆਂ ਤੋਂ ਇਲਾਵਾ, ਸਿੱਖਿਅਕ ਨੂੰ ਇੱਕ ਵਿਦਿਆਰਥੀ ਨੂੰ ਕੋਰਸ ਦੇ ਕਿਸੇ ਭਾਗ ਵਿਚੋਂ ਸਮੱਗਰੀ ਪੇਸ਼ ਕਰਨ ਲਈ ਅਕਸਰ ਕਹਿਣਾ ਚਾਹੀਦਾ ਹੈ। ਇਸ ਦਾ ਪ੍ਰਬੰਧ ਸਮੇਂ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਤਿਆਰੀ ਕਰ ਸਕੇ।

# ਅਧਿਆਇ 7

# ਸਿੱਖਿਅਕਾਂ ਦੀ ਖੋਜ ਕਰਨਾ

## ਇਸ ਅਧਿਆਇ ਨੂੰ ਵਰਤਣ ਦੇ ਤਿੰਨ ਤਰੀਕੇ

1. **ਸਿਖਲਾਈ ਦੇਣ ਵਾਲਾ ਸਥਾਨਕ ਸਿੱਖਿਅਕਾਂ ਨੂੰ ਵਿਕਸਿਤ ਕਰਨ ਲਈ ਇਸ ਅਧਿਆਇ ਵਿੱਚ ਦਿੱਤੇ ਤਰੀਕਿਆਂ ਦੀ ਵਰਤੋਂ ਕਰ ਸਕਦਾ ਹੈ।** ਜੇਕਰ ਸਥਾਨਕ ਕਲੀਸੀਆ ਵਿੱਚ ਕੋਈ ਅਜਿਹਾ ਵਿਅਕਤੀ ਨਹੀਂ ਹੈ ਜੋ ਸਿਖਾਉਣ ਦੇ ਯੋਗ ਮਹਿਸੂਸ ਕਰਦਾ ਹੈ, ਤਾਂ ਇੱਕ ਸਿਖਲਾਈ ਦੇਣ ਵਾਲਾ ਅਜਿਹਾ ਕੋਈ ਸਥਾਨਕ ਪ੍ਰੋਗਰਾਮ ਸ਼ੁਰੂ ਨਹੀਂ ਕਰ ਸਕਦਾ ਹੈ ਜੋ ਤੁਰੰਤ ਸੁਤੰਤਰ ਤੌਰ ਤੇ ਕੰਮ ਕਰਦਾ ਹੋਵੇ। ਸਿਖਲਾਈ ਦੇਣ ਵਾਲੇ ਨੂੰ ਸੰਭਾਵੀ ਸਿੱਖਿਅਕਾਂ ਦੀ ਖੋਜ ਅਤੇ ਵਿਕਾਸ ਕਰਨਾ ਚਾਹੀਦਾ ਹੈ। ਇਹ ਅਧਿਆਇ ਸਿਖਲਾਈ ਦੇਣ ਵਾਲੇ ਨੂੰ ਦੱਸਦਾ ਹੈ ਕਿ ਸਥਾਨਕ ਸਿੱਖਿਅਕਾਂ ਤੋਂ ਕਿਵੇਂ ਸ਼ੁਰੂਆਤ ਕੀਤੀ ਜਾਵੇ।

2. **ਸਿਖਲਾਈ ਦੇਣ ਵਾਲਾ ਸਥਾਨਕ ਸਿੱਖਿਅਕਾਂ ਨੂੰ ਆਪਣੇ ਵਿਦਿਆਰਥੀਆਂ ਦੇ ਲਈ ਇਸ ਤਰੀਕੇ ਦੀ ਵਰਤੋਂ ਕਰਨ ਲਈ ਤਿਆਰ ਕਰਦਾ ਹੈ।** ਜੇਕਰ ਨਵੀਂ ਥਾਂ ਦੇ ਸਥਾਨਕ ਸਿੱਖਿਅਕ ਪਹਿਲਾਂ ਹੀ ਪੜ੍ਹਾਉਣ ਵਿੱਚ ਸਮਰੱਥ ਹਨ, ਤਾਂ ਸਿਖਲਾਈ ਦੇਣ ਵਾਲੇ ਨੂੰ ਇਸ ਅਧਿਆਇ ਵਿੱਚ ਅਭਿਆਸਾਂ ਦੀ ਵਰਤੋਂ ਕਰਨ ਦੀ ਲੋੜ ਨਹੀਂ ਹੈ। ਸਿਖਲਾਈ ਦੇਣ ਵਾਲੇ ਨੂੰ ਸਥਾਨਕ ਸਿੱਖਿਅਕਾਂ ਨੂੰ ਤਰੀਕਾ ਸਿਖਾਉਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਵਿਦਿਆਰਥੀਆਂ ਦੇ ਵਿਕਾਸ ਲਈ ਅਭਿਆਸਾਂ ਦੀ ਵਰਤੋਂ ਕਰ ਸਕਣ।

3. **ਸਥਾਨਕ ਸਿੱਖਿਅਕ ਵਿਦਿਆਰਥੀਆਂ ਦਾ ਵਿਕਾਸ ਕਰਦਾ ਹੈ।** ਹਰੇਕ ਸਿੱਖਿਅਕ ਨੂੰ ਵਿਦਿਆਰਥੀਆਂ ਦੇ ਸੇਵਕਾਈ ਹੁਨਰ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਅਧਿਆਇ ਵਿੱਚ ਜਿਨ੍ਹਾਂ ਤਰੀਕਿਆਂ ਦਾ ਵਰਣਨ ਕੀਤਾ ਗਿਆ ਹੈ ਉਹ ਵਿਦਿਆਰਥੀਆਂ ਨੂੰ ਸਮੂਹਾਂ ਵਿੱਚ ਬੋਲਣਾ ਸ਼ੁਰੂ ਕਰਨ ਵਿੱਚ ਮਦਦ ਕਰਨ ਲਈ ਉਪਯੋਗੀ ਹੋਣਗੇ।

## ਸਿੱਖਿਅਕਾਂ ਨੂੰ ਖੋਜਣ ਦੀ ਲੋੜ

ਕਈ ਵਾਰ ਜਦੋਂ SGC ਦੇ ਨੁਮਾਇੰਦੇ ਕਲੀਸੀਆਵਾਂ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਅਜਿਹੇ ਲੋਕ ਮਿਲਦੇ ਹਨ ਜਿਹੜੇ ਕੋਰਸਾਂ ਬਾਰੇ ਸਿੱਖਿਆ ਦੇਣ ਲਈ ਤੁਰੰਤ ਤਿਆਰ ਹੁੰਦੇ ਹਨ। ਆਮ ਤੌਰ ਤੇ, ਇਹ ਸੰਭਾਵੀ ਸਿੱਖਿਅਕ ਉਹ ਲੋਕ ਹੁੰਦੇ ਹਨ ਜਿਨ੍ਹਾਂ ਕੋਲ ਕੋਈ ਵਿੱਦਿਅਕ ਸਿਖਲਾਈ ਅਤੇ ਸਿੱਖਿਆ ਦੇਣ ਦਾ ਤਜ਼ਰਬਾ ਹੁੰਦਾ ਹੈ। ਉਹ ਕੋਰਸਾਂ ਨੂੰ ਵੇਖਦੇ ਹਨ ਅਤੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਸਿਖਾਉਣਾ ਅਸਾਨ ਹੈ। ਹਰ ਕੋਰਸ ਦੇ ਸ਼ੁਰੂ ਵਿੱਚ ਹਦਾਇਤਾਂ ਦਿੱਤੀਆਂ ਗਈਆਂ ਹਨ। ਚਰਚਾ ਕਰਨ ਦੇ ਲਈ ਸਵਾਲ ਦਿੱਤੇ ਗਏ ਹਨ। ਕੋਰਸ ਸਿਰਫ਼ ਪੁਸਤਕਾਂ ਨਹੀਂ ਹਨ; ਉਹ ਜਿਵੇਂ ਹਨ ਉਵੇਂ ਹੀ ਸਿਖਾਏ ਜਾ ਸਕਦੇ ਹਨ।

ਕੋਰਸ ਇਸ ਲਈ ਤਿਆਰ ਕੀਤੇ ਗਏ ਹਨ ਤਾਂ ਕਿ ਪੜ੍ਹਨ ਦਾ ਹੁਨਰ, ਬਾਈਬਲ ਦਾ ਗਿਆਨ, ਅਤੇ ਸਿਖਾਉਣ ਦੀ ਯੋਗਤਾ ਵਾਲਾ ਵਿਅਕਤੀ ਇਨ੍ਹਾਂ ਨੂੰ ਵਰਤਣਾ ਜਲਦੀ ਸਿੱਖ ਸਕੇ। ਪਰ, ਕਈ ਵਾਰ ਜਿਨ੍ਹਾਂ ਲੋਕਾਂ ਨੇ ਜ਼ਿਆਦਾ ਵਿੱਦਿਅਕ ਸਿਖਲਾਈ ਨਹੀਂ ਲਈ ਹੁੰਦੀ ਉਹ ਇਹ ਮਹਿਸੂਸ ਕਰਦੇ ਹਨ ਕਿ ਉਹ ਸਿਖਾਉਣ ਦੇ ਯੋਗ ਨਹੀਂ ਹਨ। ਉਹ ਸੋਚਦੇ ਹਨ ਕਿ ਸਿਰਫ਼ ਉੱਚ ਸਿਖਲਾਈ ਪ੍ਰਾਪਤ ਵਿਅਕਤੀ ਹੀ ਸਿਖਾ ਸਕਦਾ ਹੈ।

ਪਰਮੇਸ਼ੁਰ ਨੇ ਅਜਿਹੇ ਬਹੁਤ ਸਾਰੇ ਲੋਕਾਂ ਨੂੰ ਸਿੱਖਿਆ ਦੇਣ ਦੀ ਯੋਗਤਾ ਦਿੱਤੀ ਹੈ ਜਿਨ੍ਹਾਂ ਨੂੰ ਕਿਸੇ ਯੂਨੀਵਰਸਿਟੀ ਵਿੱਚ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਕਿਉਂਕਿ ਕਲੀਸੀਆ ਲਈ ਉਪਦੇਸ਼ਕ (ਸਿੱਖਿਆ ਦੇਣ ਵਾਲੇ) ਜ਼ਰੂਰੀ ਹਨ, ਅਸੀਂ ਭਰੋਸਾ ਰੱਖ ਸਕਦੇ ਹਾਂ ਕਿ ਜਿੱਥੇ ਕਿਤੇ ਵੀ ਕਲੀਸੀਆ ਮੌਜੂਦ ਹੈ, ਪਰਮੇਸ਼ੁਰ ਆਮ ਤੌਰ ਤੇ ਲੋਕਾਂ ਨੂੰ ਸਿਖਾਉਣ ਦੀ ਯੋਗਤਾ ਪ੍ਰਦਾਨ ਕਰਦਾ ਹੈ (ਅਫ਼ਸੀਆਂ 4:11-12)।

ਬਹੁਤ ਸਾਰੇ ਲੋਕਾਂ ਨੂੰ ਇਹ ਮਹਿਸੂਸ ਨਹੀਂ ਹੁੰਦਾ ਕਿ ਉਨ੍ਹਾਂ ਨੇ ਪਹਿਲਾਂ ਹੀ ਆਪਣੇ ਆਮ ਜੀਵਨ ਵਿੱਚ ਸਿੱਖਿਆ ਦੇਣ ਦੇ ਹੁਨਰ ਨੂੰ ਵਿਕਸਿਤ ਕੀਤਾ ਹੈ। ਉਹ ਘਰ ਵਿੱਚ ਅਤੇ ਕੰਮ ਤੇ ਚੀਜ਼ਾਂ ਦੀ ਵਿਆਖਿਆ ਕਰਦੇ ਹਨ। ਉਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰਦੇ ਹਨ। ਉਹ ਗੱਲਾਂ ਸਮਝਾਉਣ ਦੇ ਯੋਗ ਹੋਣ ਲਈ ਪ੍ਰਸਿੱਧ ਹਨ। ਜਦੋਂ ਉਹ ਸਕੂਲ ਵਿੱਚ ਵਿਦਿਆਰਥੀ ਸਨ ਤਾਂ ਉਹ ਪੜ੍ਹਨ ਅਤੇ ਸਮਝਣ ਅਤੇ ਸਮਝਾਉਣ ਵਿੱਚ ਨਿਪੁੰਨ ਸਨ। ਉਹ ਨਹੀਂ ਜਾਣਦੇ ਕਿ ਉਨ੍ਹਾਂ ਕੋਲ ਸਿਖਾਉਣ ਦੀ ਯੋਗਤਾ ਹੈ।

ਸਿਖਲਾਈ ਦੇਣ ਵਾਲਿਆਂ ਨੂੰ ਆਪਣੀ ਦੇਖਰੇਖ ਵਿੱਚ ਸੰਭਾਵੀ ਸਿੱਖਿਅਕਾਂ ਨੂੰ ਬੋਲਣ ਦੇ ਤਜ਼ਰਬੇ ਪ੍ਰਦਾਨ ਕਰਨ ਦੁਆਰਾ ਉਨ੍ਹਾਂ ਦੀ ਯੋਗਤਾ ਨੂੰ ਖੋਜਣ ਵਿੱਚ ਮਦਦ ਕਰਨੀ ਚਾਹੀਦੀ ਹੈ। ਤਜ਼ਰਬੇ ਦੁਆਰਾ, ਇੱਕ ਵਿਅਕਤੀ ਨੂੰ ਸਮੂਹਾਂ ਨਾਲ ਗੱਲ ਕਰਨ ਲਈ ਆਤਮ-ਵਿਸ਼ਵਾਸ ਮਿਲਦਾ ਹੈ।

## ਬੋਲਣ ਦੇ ਤਜ਼ਰਬੇ ਪੈਦਾ ਕਰਨ ਦੇ ਤਰੀਕੇ

1. **ਅਸਾਨ ਵਿਸ਼ਿਆਂ ਤੇ ਬੋਲਣ ਲਈ ਖੁਦ ਕਰਨ ਵਾਲੇ ਕੰਮ ਦਿਓ।** ਸੰਬੋਧਨ ਸਿਰਫ਼ ਕੁਝ ਮਿੰਟਾਂ ਦਾ ਹੋ ਸਕਦਾ ਹੈ। ਜੇਕਰ ਵਿਦਿਆਰਥੀ ਬੋਲਣ ਲਈ ਸਮੂਹ ਦੇ ਸਾਹਮਣੇ ਖੜ੍ਹੇ ਹੋਣ ਤੋਂ ਘਬਰਾਉਂਦੇ ਹਨ, ਤਾਂ ਉਹ ਆਪਣੀਆਂ ਕੁਰਸੀਆਂ ਤੇ ਬੈਠੇ ਹੋਏ ਆਪਣਾ ਪਹਿਲਾ ਸੰਬੋਧਨ ਦੇ ਸਕਦੇ ਹਨ।

   ਬੋਲਣ ਦੇ ਖੁਦ ਕਰਨ ਵਾਲੇ ਅਸਾਨ ਕੰਮਾਂ ਦੀਆਂ ਉਦਾਹਰਣਾਂ:

   - ਆਪਣੇ ਬਚਪਨ ਦੀ ਕਿਸੇ ਚੁਣੌਤੀ ਬਾਰੇ ਦੱਸੋ।
   - ਕਿਸੇ ਇੱਕ ਰਿਸ਼ਤੇਦਾਰ ਬਾਰੇ ਦੱਸੋ ਜੋ ਤੁਹਾਡੇ ਲਈ ਖ਼ਾਸ ਸੀ।
   - ਕਿਸੇ ਹੋਰ ਵਿਦਿਆਰਥੀ ਨੂੰ ਕੁਝ ਸਵਾਲ ਪੁੱਛੋ ਅਤੇ ਫਿਰ ਉਸ ਵਿਦਿਆਰਥੀ ਦੀ ਸਮੂਹ ਨਾਲ ਜਾਣ-ਪਛਾਣ ਕਰਵਾਓ।
   - ਤੁਸੀਂ ਕਿਹੜੀ ਜਗ੍ਹਾ ਜਾਣਾ ਚਾਹੋਗੇ? ਕਿਉਂ ਜਾਣਾ ਚਾਹੋਗੇ?
   - ਬਚਨ ਵਿਚੋਂ ਆਪਣੀਆਂ ਮਨਪਸੰਦ ਆਇਤਾਂ ਵਿੱਚੋਂ ਕੋਈ ਇੱਕ ਆਇਤ ਦੱਸੋ।
   - ਆਪਣੇ ਕੰਮ ਕਰਨ ਵਾਲੀ ਥਾਂ ਤੇ ਕਿਸੇ ਖ਼ਾਸ ਦਿਨ ਬਾਰੇ ਦੱਸੋ।
   - ਹਾਲ ਹੀ ਵਿੱਚ ਤੁਹਾਡੇ ਵੱਲੋਂ ਸੁਣੇ ਗਏ ਸੰਦੇਸ਼ ਵਿੱਚੋਂ ਤੁਹਾਨੂੰ ਕੀ ਯਾਦ ਹੈ?

2. **ਕਲਾਸ ਵਿੱਚ ਕਿਸੇ ਵਿਅਕਤੀ ਨੂੰ ਸਿੱਧਾ ਸਵਾਲ ਕਰੋ।** ਸਵਾਲ ਲਈ ਛੋਟੇ ਜਵਾਬ ਦੀ ਨਹੀਂ ਬਲਕਿ ਵਿਸਤ੍ਰਿਤ ਵਿਆਖਿਆ ਦੀ ਲੋੜ ਹੋਣੀ ਚਾਹੀਦੀ ਹੈ। ਸਵਾਲ ਕੁਝ ਅਜਿਹਾ ਹੋਣਾ ਚਾਹੀਦਾ ਹੈ ਜਿਸ ਦਾ ਵਿਅਕਤੀ ਜਵਾਬ ਦੇਣ ਦੇ ਯੋਗ ਹੋਵੇ, ਤਾਂ ਜੋ ਉਹ ਆਤਮ-ਵਿਸ਼ਵਾਸ ਵਿੱਚ ਵਧੇ ਅਤੇ ਸ਼ਰਮਿੰਦਾ ਨਾ ਹੋਵੇ।

3. **ਵਿਦਿਆਰਥੀਆਂ ਨੂੰ ਸਮੂਹ ਅੱਗੇ ਉਨ੍ਹਾਂ ਦੇ ਖੁਦ ਕਰਨ ਵਾਲੇ ਲਿਖਤੀ ਕੰਮਾਂ ਦੀ ਵਿਆਖਿਆ ਕਰਨ ਲਈ ਕਹੋ।** ਕੋਰਸਾਂ ਲਈ ਖੁਦ ਕਰਨ ਵਾਲੇ ਵੱਖ-ਵੱਖ ਲਿਖਤੀ ਕੰਮਾਂ ਦੀ ਲੋੜ ਹੁੰਦੀ ਹੈ। ਭਾਵੇਂ ਸਿਖਲਾਈ ਦੇਣ ਵਾਲਾ ਸਿਰਫ਼ ਇੱਕ ਦਿਨ ਲਈ ਉੱਥੇ ਹੋਵੇ, ਵਿਦਿਆਰਥੀਆਂ ਨੂੰ ਖੁਦ ਕਰਨ ਵਾਲੇ ਕੰਮਾਂ ਵਿੱਚੋਂ ਇੱਕ ਕੰਮ ਨੂੰ ਲਿਖਣ ਅਤੇ ਪੇਸ਼ ਕਰਨ ਲਈ ਕੁਝ ਸਮਾਂ ਦਿੱਤਾ ਜਾ ਸਕਦਾ ਹੈ।

4. **ਸਮੂਹਾਂ ਨੂੰ ਸਿੱਖਿਆ ਅਭਿਆਸ ਲਈ ਤਿੰਨ-ਤਿੰਨ ਜਣਿਆਂ ਵਿੱਚ ਵੰਡੋ।** ਹਰੇਕ ਵਿਅਕਤੀ ਨੂੰ ਸਮੂਹ ਨੂੰ ਇੱਕ ਛੋਟਾ ਭਾਗ ਸਿਖਾਉਣ ਲਈ ਕਹੋ। ਇਹ ਥੋੜ੍ਹੇ ਸਰੋਤਿਆਂ ਦਾ ਝੁੰਡ ਪ੍ਰਦਾਨ ਕਰਦਾ ਹੈ ਅਤੇ ਕਈ ਵਿਦਿਆਰਥੀਆਂ ਨੂੰ ਇੱਕੋ ਸਮੇਂ ਅਭਿਆਸ ਕਰਨ ਦਿੰਦਾ ਹੈ।

5. **ਕਿਸੇ ਵਿਦਿਆਰਥੀ ਨੂੰ ਪਾਠ ਵਿੱਚੋਂ ਸਮੱਗਰੀ ਦੇ ਇੱਕ ਭਾਗ ਦੀ ਵਿਆਖਿਆ ਕਰਨ ਲਈ ਕਹੋ।** ਕੋਰਸਾਂ ਦੇ ਬਹੁਤ ਸਾਰੇ ਭਾਗਾਂ ਵਿੱਚ ਸਿਰਫ਼ ਕੁਝ ਪੈਰ੍ਹੇ ਹਨ ਜੋ ਇੱਕ ਧਾਰਣਾ ਦੀ ਵਿਆਖਿਆ ਕਰਦੇ ਹਨ। ਕਿਸੇ ਵਿਦਿਆਰਥੀ ਨੂੰ ਸਮੇਂ ਤੋਂ ਪਹਿਲਾਂ ਕੁਝ ਮਿੰਟਾਂ ਵਿੱਚ ਇੱਕ ਭਾਗ ਦੀ ਵਿਆਖਿਆ ਕਰਨ ਲਈ ਤਿਆਰ ਰਹਿਣ ਲਈ ਕਹੋ।

6. **ਕਿਸੇ ਹੁਸ਼ਿਆਰ ਵਿਦਿਆਰਥੀ ਨੂੰ ਕੋਰਸਾਂ ਵਿੱਚੋਂ ਇੱਕ ਤੋਂ ਸਬਕ ਸਿਖਾਉਣ ਲਈ ਕਹੋ।** ਇਹ ਇੱਕ ਵਿਦਿਆਰਥੀ ਨੂੰ ਉਹ ਸਬਕ ਸਿਖਾਉਣ ਦਾ ਸਭ ਤੋਂ ਅਸਾਨ ਪ੍ਰਬੰਧ ਹੈ ਜੋ ਉਸ ਨੇ ਕਿਸੇ ਹੋਰ ਨੂੰ ਸਿਖਾਉਂਦੇ ਸੁਣਿਆ ਹੈ। ਵਿਦਿਆਰਥੀ ਉੱਚ ਪੱਧਰੀ ਯੋਗਤਾ ਦਾ ਪ੍ਰਦਰਸ਼ਨ ਕਰਦਾ ਹੈ ਜਦੋਂ ਉਹ ਕੋਈ ਅਜਿਹਾ ਸਬਕ ਤਿਆਰ ਕਰਦਾ ਹੈ ਅਤੇ ਸਿਖਾਉਂਦਾ ਹੈ ਜੋ ਉਸ ਨੂੰ ਕਿਸੇ ਨੇ ਨਹੀਂ ਸਿਖਾਇਆ ਹੈ। ਸਿਖਲਾਈ ਦੇਣ ਵਾਲਾ ਸ਼ਾਇਦ ਮਹਿਸੂਸ ਕਰੇ ਕਿ ਉਸ ਨੂੰ ਜਿੰਨਾ ਸੰਭਵ ਹੋ ਸਕੇ ਸਿਖਾਉਣਾ ਚਾਹੀਦਾ ਹੈ ਅਤੇ ਕਲਾਸ ਸ਼ਾਇਦ ਸਿਖਲਾਈ ਦੇਣ ਵਾਲੇ ਨੂੰ ਸੁਣਨਾ ਪਸੰਦ ਕਰੇ, ਪਰ ਟੀਚਾ ਦੂਜਿਆਂ ਨੂੰ ਸਿਖਾਉਣ ਲਈ ਤਿਆਰ ਕਰਨਾ ਹੈ।

7. **"ਟੇਬਲ ਟਾਕ" ਤਰੀਕੇ ਦੀ ਵਰਤੋਂ ਕਰੋ।** ਵਿਦਿਆਰਥੀ ਪ੍ਰਿੰਟ ਕੀਤੇ ਕੋਰਸਾਂ ਦੇ ਨਾਲ ਇੱਕ ਮੇਜ਼ ਦੇ ਦੁਆਲੇ ਬੈਠ ਜਾਂਦੇ ਹਨ। ਕੋਈ ਸਿੱਖਿਅਕ ਮੇਜ਼ ਤੇ ਨਹੀਂ ਹੁੰਦਾ। ਵੱਖ-ਵੱਖ ਵਿਦਿਆਰਥੀ ਪਾਠ ਵਿੱਚੋਂ ਕਿਸੇ ਚੀਜ਼ ਬਾਰੇ ਗੱਲ ਕਰਦੇ ਹਨ। ਮੇਜ਼ ਤੇ ਇੱਕ ਵਿਅਕਤੀ ਨੂੰ ਵੱਖ-ਵੱਖ ਵਿਦਿਆਰਥੀਆਂ ਤੋਂ ਉੱਤਰ ਪੁੱਛ ਕੇ ਚਰਚਾ ਨੂੰ ਅੱਗੇ ਵਧਾਉਣ ਅਤੇ ਜਾਰੀ ਰੱਖਣ ਲਈ ਨਿਯੁਕਤ ਕੀਤਾ ਜਾਂਦਾ ਹੈ। ਆਗੂ ਸਿੱਖਿਅਕ ਨਹੀਂ ਹੈ। ਸਮੂਹ ਨੂੰ ਪਤਾ ਲੱਗ ਜਾਵੇਗਾ ਕਿ ਉਹ ਸਿੱਖਿਅਕ ਤੋਂ ਬਿਨਾਂ ਚਰਚਾ ਕਰਕੇ ਕੰਮ ਕਰ ਸਕਦੇ ਹਨ ਅਤੇ ਸਿੱਖ ਸਕਦੇ ਹਨ। ਇਹ ਤਰੀਕਾ ਅਜਿਹੇ ਸਥਾਨਾਂ ਵਿੱਚ ਅਧਿਐਨ ਸਮੂਹ ਬਣਾਉਣਾ ਸੰਭਵ ਬਣਾਉਂਦਾ ਹੈ ਜਿੱਥੇ ਅਜਿਹੇ ਵਿਅਕਤੀ ਦੀ ਘਾਟ ਹੁੰਦੀ ਹੈ ਜੋ ਪੜ੍ਹਾਉਣ ਲਈ ਯੋਗ ਮਹਿਸੂਸ ਕਰਦਾ ਹੈ।

## ਸਿੱਟਾ

SGC ਦਾ ਦਰਸ਼ਣ ਹਰ ਜਗ੍ਹਾ ਸੇਵਕਾਈ ਦੀ ਸਿਖਲਾਈ ਨੂੰ ਸਥਾਨਕ ਬਣਾਉਣਾ ਹੈ। ਸਿਖਲਾਈ ਹਰ ਜਗ੍ਹਾ ਉਨ੍ਹਾਂ ਲੋਕਾਂ ਦੁਆਰਾ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਨੂੰ ਪਰਮੇਸ਼ੁਰ ਵੱਲੋਂ ਯੋਗਤਾ ਅਤੇ ਬਾਈਬਲ ਦੀ ਸਮਝ ਦੀ ਦਾਤ ਦਿੱਤੀ ਗਈ ਹੈ। ਸਿੱਖਿਆ ਦੇਣ ਵਾਲਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਉਦੇਸ਼ ਸਿਰਫ਼ ਗਿਆਨ ਦੇਣਾ ਨਹੀਂ ਹੈ, ਸਗੋਂ ਵਿਦਿਆਰਥੀਆਂ ਨੂੰ ਦੂਜਿਆਂ ਨੂੰ ਸਚਿਆਈ ਦੱਸਣ ਲਈ ਤਿਆਰ ਕਰਨਾ ਹੈ।

### ਅਧਿਆਇ 8


# ਸਥਾਨਕ ਸ਼ੈਫਰਡ ਵਿਦਿਆਲੇ ਦਾ ਸੰਚਾਲਨ ਕਰਨਾ

## ਜਾਣ-ਪਛਾਣ

SGC ਕੋਰਸ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮਾਂ ਵਿੱਚ ਵਰਤੇ ਜਾਂਦੇ ਹਨ। ਕੁਝ ਹਾਈ ਸਕੂਲ (ਜਿਨ੍ਹਾਂ ਨੂੰ ਸੈਕੰਡਰੀ ਸਕੂਲ ਵੀ ਕਹਿੰਦੇ ਹਨ) ਕੁਝ ਖ਼ਾਸ ਕੋਰਸਾਂ ਦੀ ਵਰਤੋਂ ਕਰਦੇ ਹਨ। ਕੁਝ ਕਲੀਸੀਆਵਾਂ ਆਪਣੇ ਸੰਡੇ ਸਕੂਲਾਂ ਵਿੱਚ ਕੋਰਸਾਂ ਦੀ ਵਰਤੋਂ ਕਰਦੀਆਂ ਹਨ। ਘਰੇਲੂ ਬਾਈਬਲ ਅਧਿਐਨ ਸਮੂਹ ਅਧਿਐਨ ਕਰਨ ਲਈ ਕੋਰਸ ਚੁਣਦੇ ਹਨ। ਪਾਸਬਾਨ ਪਰਚਾਰ ਅਤੇ ਸਿੱਖਿਆ ਵਿੱਚ ਵਰਤਣ ਲਈ ਕੋਰਸਾਂ ਵਿੱਚੋਂ ਸਮੱਗਰੀ ਦੀ ਚੋਣ ਕਰਦੇ ਹਨ।

ਇਸ ਅਧਿਆਇ ਵਿਚਲੀਆਂ ਹਦਾਇਤਾਂ ਇੱਕ ਸਥਾਨਕ ਵਿਦਿਆਲੇ ਦੇ ਸੰਚਾਲਨ ਤੇ ਲਾਗੂ ਹੁੰਦੀਆਂ ਹਨ ਜੋ ਅਧਿਐਨ ਦੇ ਪੂਰੇ ਪ੍ਰੋਗਰਾਮ ਲਈ 20 SGC ਕੋਰਸਾਂ ਦੀ ਵਰਤੋਂ ਕਰਦਾ ਹੈ।

## ਵਿੱਦਿਅਕ ਪੱਧਰ



SGC ਕੋਰਸਾਂ ਦੇ ਪੂਰੇ ਸੈੱਟ ਵਿੱਚ ਬਾਈਬਲ ਕਾਲਜ ਪਾਠਕ੍ਰਮ ਦੀ ਸਭ ਤੋਂ ਮਹੱਤਵਪੂਰਣ ਸਮੱਗਰੀ ਹੈ। ਇਹ ਮੁਸ਼ਕਲ ਸ਼ਬਦਾਵਲੀ ਤੋਂ ਬਿਨਾਂ ਲਿਖਿਆ ਗਿਆ ਹੈ।

ਵਿਦਿਆਰਥੀ ਨੂੰ ਕੋਰਸਾਂ ਦਾ ਜਿਵੇਂ ਉਹ ਤਿਆਰ ਕੀਤੇ ਗਏ ਹਨ ਉਸੇ ਤਰ੍ਹਾਂ ਅਧਿਐਨ ਕਰਨ ਲਈ ਚੰਗੀ ਤਰ੍ਹਾਂ ਪੜ੍ਹਨ ਅਤੇ ਲਿਖਣ ਦੇ ਯੋਗ ਹੋਣਾ ਚਾਹੀਦਾ ਹੈ।

ਕੋਰਸ ਮਸੀਹ ਵਿੱਚ ਆਏ ਲੋਕਾਂ ਨੂੰ ਚੇਲੇ ਬਣਾਉਣ ਲਈ ਨਹੀਂ ਤਿਆਰ ਕੀਤੇ ਗਏ ਹਨ, ਹਾਲਾਂਕਿ ਜ਼ਿਆਦਾਤਰ ਸਮੱਗਰੀ ਇਸ ਉਦੇਸ਼ ਲਈ ਉਪਯੋਗੀ ਹੈ।

ਸਮੂਹ ਲਈ ਸਭ ਤੋਂ ਵਧੀਆ ਅਭਿਆਸ ਹਰੇਕ ਵਿਦਿਆਰਥੀ ਲਈ ਇਹ ਹਨ

1. ਕੋਰਸ ਦੀ ਇੱਕ ਕਾਪੀ ਆਪਣੇ ਕੋਲ ਰੱਖੇ
2. ਖੁਦ ਕਰਨ ਵਾਲੇ ਸਾਰੇ ਕੰਮਾਂ ਨੂੰ ਪੂਰਾ ਕਰੇ
3. ਸਮੂਹ ਸਾਹਮਣੇ ਸਮੱਗਰੀ ਪੇਸ਼ ਕਰਨ ਦਾ ਅਭਿਆਸ ਕਰਨ ਦੀ ਇਜਾਜ਼ਤ ਦਿੱਤੀ ਜਾਵੇ
4. ਸਥਾਨਕ ਕਲੀਸੀਆ ਦੇ ਨਾਲ ਚੰਗਾ ਸੰਬੰਧ ਰੱਖੇ ਅਤੇ
5. ਸਮੂਹ ਤੋਂ ਬਾਹਰ ਨਿਯਮਤ ਸੇਵਕਾਈ ਕਰੇ।

ਸਿੱਖਿਅਕ ਜਿਹੜਾ ਇਨ੍ਹਾਂ ਅਭਿਆਸਾਂ ਨੂੰ ਕਾਇਮ ਰੱਖਦਾ ਹੈ, ਵਿਦਿਆਰਥੀਆਂ ਨੂੰ ਸੇਵਕਾਈ ਦੇ ਲਈ ਪ੍ਰਭਾਵਸ਼ਾਲੀ ਢੰਗ ਨਾਲ ਸਿਖਲਾਈ ਦੇਵੇਗਾ।

ਵਿਦਿਆਰਥੀ ਸੰਸਕਰਣ ਉਨ੍ਹਾਂ ਵਿਦਿਆਰਥੀਆਂ ਦੇ ਸਮੂਹਾਂ ਲਈ ਉਪਲਬਧ ਹਨ ਜੋ ਸੇਵਕਾਈ ਲਈ ਤਿਆਰੀ ਨਹੀਂ ਕਰ ਰਹੇ ਹਨ। ਵਿਦਿਆਰਥੀ ਸੰਸਕਰਣ ਕੋਰਸਾਂ ਦੇ ਵਿਸਤ੍ਰਿਤ ਸੰਸਕਰਣ ਹਨ। ਇਨ੍ਹਾਂ ਦੀ ਵਰਤੋਂ ਹਾਈ ਸਕੂਲਾਂ (ਸੈਕੰਡਰੀ ਸਕੂਲਾਂ) ਅਤੇ ਸੰਡੇ ਸਕੂਲਾਂ ਵਿੱਚ ਕੀਤੀ ਜਾਂਦੀ ਹੈ। ਉਹ ਵਿਦਿਆਰਥੀ ਖੁਦ ਕਰਨ ਵਾਲੇ ਆਮ ਕੰਮ ਨਹੀਂ ਕਰਦੇ ਕਿਉਂਕਿ ਉਹ ਸੇਵਕਾਈ ਦਾ ਅਭਿਆਸ ਨਹੀਂ ਕਰ ਰਹੇ ਹਨ ਜਾਂ ਸੇਵਕਾਈ ਦੀ ਤਿਆਰੀ ਨਹੀਂ ਕਰ ਰਹੇ ਹਨ। ਵਿਦਿਆਰਥੀ ਸੰਸਕਰਣ ਉਨ੍ਹਾਂ ਵਿਦਿਆਰਥੀਆਂ ਲਈ ਨਹੀਂ ਵਰਤੇ ਜਾਣੇ ਚਾਹੀਦੇ ਜਿਹੜੇ ਸੇਵਕਾਈ ਦੀ ਤਿਆਰੀ ਕਰ ਰਹੇ ਹਨ ਅਤੇ ਸੇਵਕਾਈ ਦੀ ਸਿਖਲਾਈ ਦਾ ਪ੍ਰਮਾਣ-ਪੱਤਰ ਪ੍ਰਾਪਤ ਕਰਨ ਦੀ ਯੋਜਨਾ ਬਣਾ ਰਹੇ ਹਨ। ਇਨ੍ਹਾਂ ਵਿਦਿਆਰਥੀਆਂ ਦੇ ਸਿੱਖਿਅਕਾਂ ਨੂੰ ਅਸਲ SGC ਕੋਰਸ ਪਾਠ ਤੋਂ ਪੜ੍ਹਾਉਣਾ ਚਾਹੀਦਾ ਹੈ ਕਿਉਂਕਿ ਵਿਦਿਆਰਥੀ ਸੰਸਕਰਣ ਅਧੂਰਾ ਹੈ।

SGC ਵਿੱਦਿਅਕ ਡਿਗਰੀ ਨਹੀਂ ਦਿੰਦਾ। ਕੁਝ ਥਾਵਾਂ ਤੇ ਸਥਾਨਕ ਜਾਂ ਰਾਸ਼ਟਰੀ ਵਿਦਿਆਲੇ ਜੋ SGC ਕੋਰਸਾਂ ਦੀ ਵਰਤੋਂ ਕਰਦੇ ਹਨ, ਆਪਣੀਆਂ ਜ਼ਰੂਰਤਾਂ ਦੇ ਅਧਾਰ ਤੇ ਡਿਗਰੀ ਜਾਂ ਪ੍ਰਮਾਣ-ਪੱਤਰ ਦਿੰਦੀਆਂ ਹਨ। ਵਿਦਿਆਰਥੀ ਨੂੰ ਵਿਦਿਆਲੇ ਵਿੱਚ ਰਜਿਸਟਰ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਸ਼ਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ।

ਉਨ੍ਹਾਂ ਥਾਵਾਂ ਵਿੱਚ ਜਿੱਥੇ ਵਿੱਦਿਅਕ ਡਿਗਰੀ ਉਪਲਬਧ ਨਹੀਂ ਹੈ, ਪ੍ਰੋਗਰਾਮ ਨੂੰ ਪੇਸ਼ੇਵਰ ਸਿਖਲਾਈ ਮੰਨਿਆ ਜਾਣਾ ਚਾਹੀਦਾ ਹੈ। ਵਪਾਰਕ ਜਗਤ ਵਿੱਚ ਪੇਸ਼ੇਵਰ ਸਿਖਲਾਈ ਪ੍ਰੋਗਰਾਮ ਇੱਕ ਵਿਅਕਤੀ ਨੂੰ ਇੱਕ ਹੁਨਰਮੰਦ ਕਿੱਤੇ ਵਿੱਚ ਕੰਮ ਕਰਨ ਲਈ ਤਿਆਰ ਕਰਦੇ ਹਨ। ਉਹ ਪ੍ਰੋਗਰਾਮ ਡਿਗਰੀਆਂ ਪ੍ਰਦਾਨ ਨਹੀਂ ਕਰਦੇ, ਪਰ ਇਹ ਪ੍ਰਮਾਣਿਤ ਕਰਦੇ ਹਨ ਕਿ ਇੱਕ ਵਿਅਕਤੀ ਨੂੰ ਸਿਖਲਾਈ ਦਿੱਤੀ ਗਈ ਹੈ। ਇਸੇ ਤਰ੍ਹਾਂ, SGC ਪ੍ਰੋਗਰਾਮ ਸੇਵਕਾਈ ਲਈ ਪੇਸ਼ੇਵਰ ਸਿਖਲਾਈ ਹੈ।

## ਸਮੱਗਰੀ ਜੋ ਲੋੜੀਂਦੀ ਹੈ

ਕੋਰਸਾਂ ਤੋਂ ਇਲਾਵਾ ਸਿਰਫ਼ ਇੱਕ ਬਾਈਬਲ ਜ਼ਰੂਰੀ ਹੈ, ਪਰ ਕੋਰਸ ਅੱਗੇ ਦੇ ਅਧਿਐਨ ਲਈ ਸਮੱਗਰੀ ਦਾ ਸੁਝਾਅ ਦਿੰਦੇ ਹਨ। ਸਥਾਨਕ ਵਿਦਿਆਲੇ ਨੂੰ ਵਿਦਿਆਰਥੀਆਂ ਦੀ ਵਰਤੋਂ ਲਈ ਇੱਕ ਪੁਸਤਕਾਲਾ ਵਿਕਸਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

## ਕਲਾਸ ਦੀ ਸਮਾਂ-ਸਾਰਣੀ

ਸਥਾਨਕ ਸਥਿਤੀਆਂ ਦੇ ਅਧਾਰ ਤੇ, ਸਥਾਨਕ ਵਿਦਿਆਲੇ ਕੋਲ ਕਲਾਸਾਂ ਲਈ ਆਪਣੀ ਸਮਾਂ-ਸਾਰਣੀ ਹੋ ਸਕਦੀ ਹੈ। ਫਿਰ ਵੀ, ਲੋੜੀਂਦਾ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਜੇਕਰ ਸਿੱਖਿਅਕ ਚਰਚਾ ਅਤੇ ਵਿਦਿਆਰਥੀ ਦੇ ਅਭਿਆਸ ਕਰਨ ਤੋਂ ਬਿਨਾਂ ਸਮੱਗਰੀ ਪੜ੍ਹਾਉਂਦਾ ਹੈ, ਤਾਂ ਸਮਾਂ ਘੱਟ ਲੱਗੇਗਾ, ਪਰ ਕਲਾਸ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਤਿਆਰ ਨਹੀਂ ਕਰੇਗੀ। ਜੇਕਰ ਸਮੂਹ ਸਮੱਗਰੀ ਅਤੇ ਪੂਰੇ ਕੀਤੇ ਕਾਰਜਾਂ ਬਾਰੇ ਚਰਚਾ ਕਰਨ ਵਿੱਚ ਸਮਾਂ ਬਿਤਾਉਂਦਾ ਹੈ, ਤਾਂ ਇੱਕ ਕੋਰਸ ਲਈ ਜਮਾਤ ਨੂੰ ਤੀਹ ਘੰਟੇ ਤੋਂ ਵੱਧ ਸਮਾਂ ਲੱਗੇਗਾ। ਵਿਦਿਆਰਥੀਆਂ ਨੂੰ ਕਲਾਸ ਤੋਂ ਬਾਹਰ ਖੁਦ ਕਰਨ ਵਾਲੇ ਕੰਮਾਂ ਵਿੱਚ ਵਾਧੂ ਸਮਾਂ ਬਿਤਾਉਣਾ ਚਾਹੀਦਾ ਹੈ।

## ਕੋਰਸਾਂ ਦੀ ਤਰਤੀਬ

ਕੋਈ ਖ਼ਾਸ ਤਰਤੀਬ ਜ਼ਰੂਰੀ ਨਹੀਂ ਹੈ। ਹਰ ਕਲਾਸ ਪੂਰਨ ਹੈ ਅਤੇ ਇਸ ਤੋਂ ਪਿਛਲੀ ਕਲਾਸ ਤੇ ਨਿਰਭਰ ਨਹੀਂ ਕਰਦੀ। ਕਿਸੇ ਵੀ ਕੋਰਸ ਦੀ ਸ਼ੁਰੂਆਤ ਵਿੱਚ ਨਵੇਂ ਵਿਦਿਆਰਥੀਆਂ ਨੂੰ ਸ਼ਾਮਲ ਕਰਦਿਆਂ, ਪ੍ਰੋਗਰਾਮ ਨੂੰ ਇੱਕ ਚੱਕਰ ਵਿੱਚ ਚਲਾਉਣਾ ਸੰਭਵ ਹੈ। ਵਿਦਿਆਲਾ ਸਾਲ ਦੀ ਸ਼ੁਰੂਆਤ ਤੱਕ ਉਡੀਕ ਕਰਨ ਦੀ ਬਜਾਇ ਨਵੇਂ ਵਿਦਿਆਰਥੀਆਂ ਨੂੰ ਲਗਾਤਾਰ ਭਰਤੀ ਕਰ ਸਕਦਾ ਹੈ। ਵਿਅਕਤੀਗਤ ਵਿਦਿਆਰਥੀ ਕਿਸੇ ਵੀ ਕੋਰਸ ਦੀ ਸ਼ੁਰੂਆਤ ਵਿੱਚ ਦਾਖਲਾ ਲੈਂਦੇ ਹਨ ਅਤੇ ਸਾਰੇ ਕੋਰਸਾਂ ਨੂੰ ਪੂਰਾ ਕਰਨ ਤੱਕ ਚੱਕਰ ਜਾਰੀ ਰੱਖਦੇ ਹਨ।

## ਗੁਣਵੱਤਾ ਨਿਯੰਤਰਣ

ਸਿੱਖਿਅਕ ਨੂੰ ਵਿਦਿਆਰਥੀਆਂ ਦੀ ਹਾਜ਼ਰੀ ਦਾ ਰਿਕਾਰਡ ਰੱਖਣਾ ਚਾਹੀਦਾ ਹੈ। ਇੱਕ ਵਿਦਿਆਰਥੀ ਜੋ ਕਲਾਸ ਦੇ ਘੱਟੋ-ਘੱਟ 75% ਸਮੇਂ ਵਿੱਚ ਹਾਜ਼ਰ ਨਹੀਂ ਹੁੰਦਾ ਹੈ ਅਤੇ ਲੋੜੀਂਦੇ ਕੰਮ ਦਾ 100% ਪੂਰਾ ਨਹੀਂ ਕਰਦਾ ਹੈ, ਉਸ ਨੂੰ ਕੋਰਸ ਲਈ ਅੰਕ ਨਹੀਂ ਦਿੱਤੇ ਜਾਣੇ ਚਾਹੀਦੇ। ਖ਼ਾਸ ਹਾਲਾਤਾਂ ਵਿੱਚ, ਸਿੱਖਿਅਕ ਕਲਾਸ ਦੇ ਖੁੱਸੇ ਸਮੇਂ ਦੀ ਭਰਪਾਈ ਕਰਨ ਲਈ ਵਾਧੂ ਅਧਿਐਨ ਦੀਆਂ ਸ਼ਰਤਾਂ ਰੱਖ ਸਕਦਾ ਹੈ।

ਇਹ ਯਕੀਨੀ ਬਣਾਉਣ ਲਈ ਕਿ ਅੰਤਿਮ ਦਰਜਾ ਨਿਰਪੱਖ ਅਤੇ ਸਹੀ ਹੈ, ਸਿੱਖਿਅਕ ਨੂੰ ਵਿਦਿਆਰਥੀਆਂ ਦੁਆਰਾ ਖੁਦ ਕਰਨ ਵਾਲੇ ਪੂਰੇ ਕੀਤੇ ਗਏ ਕੰਮਾਂ ਦਾ ਧਿਆਨ ਨਾਲ ਰਿਕਾਰਡ ਰੱਖਣਾ ਚਾਹੀਦਾ ਹੈ। ਸਿੱਖਿਅਕ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰੇਕ ਵਿਦਿਆਰਥੀ ਨੂੰ ਪਤਾ ਹੋਵੇ ਕਿ ਕੀ ਉਨ੍ਹਾਂ ਦੇ ਖੁਦ ਕਰਨ ਵਾਲੇ ਕੰਮ ਜਾਂ ਹਾਜ਼ਰੀ ਉਨ੍ਹਾਂ ਦੇ ਅੰਕ ਘੱਟ ਕਰ ਰਹੇ ਹਨ।

ਜੇਕਰ ਸਥਾਨਕ ਵਿਦਿਆਲਾ ਵਿਦਿਆਲਿਆਂ ਦੇ ਕਿਸੇ ਸੰਘ ਦਾ ਹਿੱਸਾ ਹੈ, ਤਾਂ ਹਾਜ਼ਰੀ ਅਤੇ ਖੁਦ ਕਰਨ ਵਾਲੇ ਕੰਮਾਂ ਦੇ ਰਿਕਾਰਡ ਖੇਤਰੀ ਪੱਧਰ ਤੇ ਸਿਖਲਾਈ ਦੇਣ ਵਾਲਿਆਂ ਵਾਸਤੇ ਮੁਆਇਨਾ ਕਰਨ ਲਈ ਉਪਲਬਧ ਹੋਣੇ ਚਾਹੀਦੇ ਹਨ। ਪ੍ਰਮਾਣ-ਪੱਤਰ ਦਾ ਕੋਈ ਮਹੱਤਵ ਨਹੀਂ ਹੋਵੇਗਾ ਜੇਕਰ ਵਿਦਿਆਲਾ ਲਗਾਤਾਰ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ।

## ਸਥਾਨਕ ਆਰਥਿਕ ਸਹਾਇਤਾ

ਹਰੇਕ ਸਥਾਨਕ ਵਿਦਿਆਲਾ ਸਥਾਨ ਦਾ ਸਥਾਨਕ ਪੱਧਰ ਤੇ ਸਮਰਥਨ ਕੀਤਾ ਜਾਣਾ ਚਾਹੀਦਾ ਹੈ। ਜਮਾਤ ਇੱਕ ਸਥਾਨਕ ਕਲੀਸੀਆ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਸਿਖਾਉਣ ਵਾਲੇ ਸਥਾਨਕ ਸੇਵਕਾਈ ਦੇ ਅੰਗ ਵਜੋਂ ਸੇਵਾ ਕਰਦੇ ਹਨ। ਪ੍ਰਿੰਟ ਕੀਤੇ ਕੋਰਸਾਂ ਦਾ ਖਰਚਾ ਸਥਾਨਕ ਸੇਵਕਾਈ ਜਾਂ ਵਿਦਿਆਰਥੀਆਂ ਦੁਆਰਾ ਉਠਾਇਆ ਜਾਂਦਾ ਹੈ। ਜੇਕਰ ਕੋਈ ਵਿਦਿਆਲਾ ਵਿਦਿਆਲਿਆਂ ਦੇ ਕਿਸੇ ਸੰਘ ਦਾ ਹਿੱਸਾ ਹੈ, ਤਾਂ ਕੇਂਦਰੀ ਪ੍ਰਸ਼ਾਸਨ ਵਿਦਿਆਰਥੀਆਂ ਲਈ ਇੱਕ ਫੀਸ ਨਿਰਧਾਰਤ ਕਰ ਸਕਦਾ ਹੈ ਜੋ ਪ੍ਰਿੰਟ ਕੀਤੇ ਕੋਰਸਾਂ ਦੇ ਖਰਚੇ ਨੂੰ ਪੂਰਾ ਕਰਦਾ ਹੈ ਅਤੇ ਸਥਾਨਕ ਵਿਦਿਆਲੇ ਦੇ ਸਟਾਫ ਦੀ ਮਦਦ ਕਰਦਾ ਹੈ।

ਸਥਾਨਕ ਵਿਦਿਆਲੇ ਦੇ ਸਟਾਫ਼ ਲਈ ਸਾਰੇ ਆਰਥਿਕ ਮਸਲਿਆਂ ਵਿੱਚ ਇਮਾਨਦਾਰ ਅਤੇ ਪਾਰਦਰਸ਼ੀ ਹੋਣਾ ਜ਼ਰੂਰੀ ਹੈ (2 ਕੁਰਿੰਥੀਆਂ 8:21)। ਇਸ ਵਿੱਚ ਸ਼ਾਮਲ ਹਰ ਵਿਅਕਤੀ ਨੂੰ ਪਤਾ ਹੋਣਾ ਚਾਹੀਦਾ ਹੈ ਕਿੰਨਾ ਪੈਸਾ ਇਕੱਠਾ ਕੀਤਾ ਜਾਂਦਾ ਹੈ ਅਤੇ ਇਸ ਨੂੰ ਕਿਵੇਂ ਖਰਚ ਕੀਤਾ ਜਾਂਦਾ ਹੈ। ਪੈਸਿਆਂ ਦਾ ਪ੍ਰਬੰਧ ਕਰਨ ਵਿੱਚ ਇੱਕ ਕਮੇਟੀ ਸ਼ਾਮਲ ਹੋਣੀ ਚਾਹੀਦੀ ਹੈ। ਆਰਥਿਕ ਮਾਮਲਿਆਂ ਦੀਆਂ ਉਦਾਹਰਣਾਂ ਵਿੱਚ ਉਹ ਫੀਸਾਂ ਸ਼ਾਮਲ ਹਨ ਜੋ ਵਿਦਿਆਰਥੀ ਸਥਾਨਕ ਵਿਦਿਆਲੇ ਜਾਂ ਕੇਂਦਰੀ ਪ੍ਰਸ਼ਾਸਨ ਨੂੰ ਅਦਾ ਕਰਦੇ ਹਨ, ਪ੍ਰਿੰਟ ਕੀਤੇ ਕੋਰਸਾਂ ਦੀ ਲਾਗਤ, ਸਥਾਨਕ ਸਿੱਖਿਅਕਾਂ ਦੀ ਸਹਾਇਤਾ ਅਤੇ ਕੁਝ ਹੋਰ ਪੈਸਾ ਜੋ ਇਕੱਠਾ ਕੀਤਾ ਜਾਂ ਖਰਚਿਆ ਜਾਂਦਾ ਹੈ।

ਕਿਉਂਕਿ ਈਮਾਨਦਾਰੀ ਮਸੀਹੀ ਚਰਿੱਤਰ ਦਾ ਇੱਕ ਬੁਨਿਆਦੀ ਤੱਤ ਹੈ, ਇੱਕ ਬੇਈਮਾਨ ਵਿਅਕਤੀ ਲਈ ਇੱਕ ਚੰਗਾ ਮਸੀਹੀ ਉਦਾਹਰਣ ਬਣਨਾ ਸੰਭਵ ਨਹੀਂ ਹੈ। ਇੱਕ ਬੇਈਮਾਨ ਵਿਅਕਤੀ ਨੂੰ ਕਿਸੇ ਵੀ ਸੇਵਕਾਈ ਦੇ ਅਹੁਦੇ ਤੇ ਨਹੀਂ ਰਹਿਣਾ ਚਾਹੀਦਾ। ਬੇਈਮਾਨੀ ਦੀ ਕੋਈ ਵੀ ਘਟਨਾ SGC ਨਾਲ ਆਗੂ ਦੇ ਰਿਸ਼ਤੇ ਨੂੰ ਪ੍ਰਭਾਵਿਤ ਕਰੇਗੀ।

## ਇੱਕ ਮਿਸ਼ਨ ਸੰਗਠਨ/ਰਾਸ਼ਟਰੀ ਸੇਵਕਾਈ ਅਤੇ ਇੱਕ ਸਥਾਨਕ ਵਿਦਿਆਲੇ ਦਰਮਿਆਨ ਸਹਿਯੋਗ

ABC ਇੱਕ ਰਾਸ਼ਟਰੀ ਸੇਵਕਾਈ ਦਾ ਕਾਲਪਨਿਕ ਨਾਮ ਹੈ ਜੋ ਕਲੀਸੀਆਵਾਂ ਦੀ ਸਥਾਨਕ ਵਿਦਿਆਲੇ ਸਥਾਪਤ ਕਰਨ ਵਿੱਚ ਮਦਦ ਕਰਦਾ ਹੈ। ਸਥਾਨਕ ਵਿਦਿਆਲਿਆਂ ਲਈ ਥਾਂ ਦਾ ਸਮਝੌਤਾ ਜਿਸ ਦਾ ਇਸਤੇਮਾਲ ABC ਕਰਦਾ ਹੈ, ਅਗਲੇ ਪੰਨੇ ਤੇ ਮਿਲਦਾ ਹੈ। ABC ਦੇ ਨੁਮਾਇੰਦੇ ਇਸ ਅਧਿਆਇ ਦੇ ਆਖਰੀ ਪੰਨੇ ਤੇ ਸੂਚੀਬੱਧ ਪ੍ਰਸ਼ਨਾਂ ਦੀ ਵਰਤੋਂ ਕਰਦੇ ਹੋਏ ਸਥਾਨਕ ਵਿਦਿਆਲਾ ਥਾਵਾਂ ਤੇ ਨਿਯਮਤ ਤੌਰ ਤੇ ਜਾਂਦੇ ਹਨ ਅਤੇ ਉਨ੍ਹਾਂ ਦਾ ਨਿਰੀਖਣ ਕਰਦੇ ਹਨ।

# ਥਾਂ ਦੇ ਸਮਝੌਤੇ ਦਾ ਨਮੂਨਾ

*ABC ਇਸ ਫਾਰਮ ਦੀ ਵਰਤੋਂ ਆਪਣੀ **ਰਾਸ਼ਟਰੀ ਸੇਵਕਾਈ** ਅਤੇ **ਸਥਾਨਕ ਵਿਦਿਆਲੇ** ਵਿਚਾਲੇ ਸੰਬੰਧਾਂ ਦੀ ਵਿਆਖਿਆ ਕਰਨ ਲਈ ਕਰਦਾ ਹੈ।*

ABC ਦਾ ਉਦੇਸ਼ ਕਲੀਸੀਆ ਨੂੰ ਸੇਵਕਾਈ ਕਰਨ ਵਾਲੇ ਆਗੂਆਂ ਨੂੰ ਵਿਕਸਤ ਕਰਨ ਲਈ ਤਿਆਰ ਕਰਕੇ ਮਸੀਹ ਦੀ ਦੇਹ (ਕਲੀਸੀਆ) ਦੀ ਸੇਵਾ ਕਰਨਾ ਹੈ। ਸਥਾਨਕ ਕਲੀਸੀਆ ਜਾਂ ਸੇਵਕਾਈ ਕਰਨ ਵਾਲੀ ਸੰਸਥਾ ਨੂੰ SGC ਕੋਰਸਾਂ ਦੀ ਵਰਤੋਂ ਕਰਦੇ ਹੋਏ ਇੱਕ ਸੇਵਕਾਈ ਸਿਖਲਾਈ ਪ੍ਰੋਗਰਾਮ ਨੂੰ ਚਲਾਉਣ ਲਈ ਮਨਜ਼ੂਰੀ ਦਿੱਤੀ ਜਾ ਸਕਦੀ ਹੈ।

ਸਥਾਨਕ ਸੇਵਕਾਈ ਵੱਲੋਂ ABC ਦੀਆਂ ਵਚਨਬੱਧਤਾਵਾਂ ਨੂੰ ਪੂਰਾ ਨਾ ਕਰਨ ਦੀ ਸਥਿਤੀ ਵਿੱਚ ABC ਕੋਲ ਇਸ ਸਮਝੌਤੇ ਨੂੰ ਰੱਦ ਕਰਨ ਦਾ ਪੂਰਾ ਅਧਿਕਾਰ ਹੈ।

## ABC ਹੇਠ ਲਿਖਿਆਂ ਚੀਜ਼ਾਂ ਪ੍ਰਦਾਨ ਕਰਦਾ ਹੈ:

- ਸੇਵਕਾਈ ਦੇ 20 ਸਿਖਲਾਈ ਕੋਰਸਾਂ ਦਾ ਇੱਕ ਸੈੱਟ
- ਸਿੱਖਿਅਕਾਂ ਦੇ ਲਈ ਇੱਕ ਸਿਖਲਾਈ ਸੈਮੀਨਾਰ
- ਪ੍ਰਸ਼ਾਸਨ ਸਥਾਨਕ ਸਿੱਖਿਅਕਾਂ ਨੂੰ ਉਤਸ਼ਾਹਿਤ ਕਰਨ ਅਤੇ ਗੁਣਵੱਤਾ ਵਧਾਉਣ ਲਈ ਸਿਖਲਾਈ ਵਾਲੀ ਥਾਂ ਦਾ ਦੌਰਾ ਕਰਦਾ ਹੈ
- ਹਰੇਕ ਕੋਰਸ ਦੇ ਪੂਰਾ ਹੋਣ ਤੇ ਵਿਦਿਆਰਥੀਆਂ ਲਈ ਪ੍ਰਮਾਣ-ਪੱਤਰ (ਹਰੇਕ ਵਿਦਿਆਰਥੀ ਲਈ ਪ੍ਰਮਾਣ-ਪੱਤਰ ਪ੍ਰਾਪਤ ਕਰਨ ਲਈ ਕੋਰਸ ਦੀ ਇੱਕ ਨਿੱਜੀ ਕਾਪੀ ਜ਼ਰੂਰੀ ਹੈ)
- ਪੂਰੇ ਪ੍ਰੋਗਰਾਮ ਨੂੰ ਪੂਰਾ ਕਰਨ ਲਈ ਇੱਕ ਪ੍ਰਮਾਣ-ਪੱਤਰ
- ਸੇਵਕਾਈ ਵਾਲੀ ਥਾਂ ਤੇ ਲਗਾਉਣ ਲਈ ਇੱਕ ABC ਚਿੰਨ੍ਹ

## ਸਥਾਨਕ ਸੇਵਕਾਈ ਹੇਠ ਲਿਖੀਆਂ ਚੀਜ਼ਾਂ ਕਰਨ ਲਈ ਸਮਰਪਣ ਕਰਦੀ ਹੈ:

- ABC ਪ੍ਰਸ਼ਾਸਨ ਦੀ ਅਨੁਮਤੀ ਨਾਲ ਵਫ਼ਾਦਾਰ, ਸਮਰੱਥ ਸਥਾਨਕ ਸਿੱਖਿਅਕਾਂ ਦੀ ਨਿਯੁਕਤੀ ਕਰਨ ਲਈ
- ਸਿੱਖਿਅਕਾਂ ਤੋਂ ABC ਪ੍ਰਸ਼ਾਸਨ ਤੋਂ ਸਿਖਲਾਈ ਅਤੇ ਨਿਰਦੇਸ਼ਾਂ ਵਿੱਚ ਸਹਿਯੋਗ ਦੀ ਮੰਗ ਕਰਨ ਲਈ
- ਇੱਕ ਜਮਾਤ ਪ੍ਰਦਾਨ ਕਰਨ ਲਈ ਜੋ ਚੰਗੇ ਅਧਿਐਨ ਵਿੱਚ ਸਹਾਈ ਹੈ
- ਲੋੜ ਪੈਣ ਤੇ ਸਥਾਨਕ ਸਿੱਖਿਅਕਾਂ ਦੀ ਆਰਥਿਕ ਸਹਾਇਤਾ ਕਰਨ ਲਈ
- ਹਰੇਕ ਕੋਰਸ ਦੀ ਲੋੜੀਂਦੀ ਕਾਪੀ ਲਈ ਇੱਕ ਨਾਮਾਂਕਣ ਫੀਸ ਇਕੱਠੀ ਕਰਨ ਅਤੇ ABC ਨੂੰ ਭੇਜਣ ਲਈ
- ABC ਪ੍ਰਸ਼ਾਸਨ ਨੂੰ ਵਿਦਿਆਰਥੀਆਂ ਦੀ ਹਾਜ਼ਰੀ ਅਤੇ ਖੁਦ ਕਰਨ ਵਾਲੇ ਪੂਰੇ ਕੀਤੇ ਕੰਮਾਂ ਦਾ ਰਿਕਾਰਡ ਪ੍ਰਦਾਨ ਕਰਨ ਲਈ
- ABC ਦੁਆਰਾ ਪ੍ਰਦਾਨ ਕੀਤੇ ਗਏ ਚਿੰਨ੍ਹ ਨੂੰ ਲਗਾਉਣ ਲਈ। ਇਹ ਚਿੰਨ੍ਹ ABC ਦੀ ਸੰਪਤੀ ਹੈ ਅਤੇ ਇਸ ਸਮਝੌਤੇ ਨੂੰ ਰੱਦ ਕਰਨ ਦੀ ਸੂਰਤ ਵਿੱਚ ਹਟਾ ਦਿੱਤਾ ਜਾਵੇਗਾ।

ਸਥਾਨਕ ਸੇਵਕਾਈ ਦਾ ਨਾਮ ____________________________________________

ਸਥਾਨਕ ਸੇਵਕਾਈ ਦੇ ਨੁਮਾਇੰਦੇ ਦੇ ਦਸਤਖ਼ਤ ______________________________________

ABC ਦੇ ਅਧਿਕਾਰਤ ਨੁਮਾਇੰਦੇ ਦੇ ਦਸਤਖ਼ਤ ______________________________________

## ਸਥਾਨਕ ਵਿਦਿਆਲਾ ਨਿਰੀਖਣ ਲਈ ਨਮੂਨਾ ਸਵਾਲ

*ਜਦੋਂ ABC ਦੇ ਨੁਮਾਇੰਦੇ ਥਾਵਾਂ ਤੇ ਜਾਂਦੇ ਹਨ, ਤਾਂ ਉਹ ਮੁਲਾਂਕਣ ਕਰਨ ਅਤੇ ਸੁਧਾਰ ਵਾਸਤੇ ਮਾਰਗਦਰਸ਼ਨ ਕਰਨ ਲਈ ਹੇਠਾਂ ਦਿੱਤੇ ਸਵਾਲਾਂ ਦੀ ਵਰਤੋਂ ਕਰਦੇ ਹਨ।*

1. ਕੀ ਉਸ ਥਾਂ ਦੇ ਸਿੱਖਿਅਕਾਂ ਨੇ SGC ਸਿੱਖਿਅਕ ਸਿਖਲਾਈ ਪ੍ਰਾਪਤ ਕੀਤੀ ਹੈ?
2. ਕੀ ਸਿੱਖਿਅਕ ਵੱਖ-ਵੱਖ ਤਰ੍ਹਾਂ ਦੀਆਂ ਸਿੱਖਿਆਂ ਵਿਧੀਆਂ ਦੀ ਵਰਤੋਂ ਕਰਦੇ ਹਨ?
3. ਕੀ ਸਿੱਖਿਅਕ ਵਿਦਿਆਰਥੀਆਂ ਨੂੰ ਚਰਚਾ ਅਤੇ ਸ਼ਮੂਲੀਅਤ ਵਿੱਚ ਸ਼ਾਮਲ ਕਰਦੇ ਹਨ?
4. ਕੀ ਉਹ ਥਾਂ ਸਹਾਇਕ ਸਿੱਖਿਅਕਾਂ ਦਾ ਵਿਕਾਸ ਕਰ ਰਹੀ ਹੈ ਜਿਹੜੇ ਕਲਾਸ ਵਿੱਚ ਅਭਿਆਸ ਕਰਦੇ ਹਨ?
5. ਕੀ ਜਮਾਤ ਅਧਿਐਨ (ਬੈਠਣ, ਰੋਸ਼ਨੀ, ਧਿਆਨ ਭਟਕਾਉਣ ਵਾਲੀਆਂ ਚੀਜ਼ਾਂ ਅਤੇ ਰੌਲੇ ਤੋਂ ਮੁਕਤ) ਲਈ ਅਨੁਕੂਲ ਹੈ?
6. ਕੀ ਹਰੇਕ ਵਿਦਿਆਰਥੀ ਕੋਲ ਅਧਿਐਨ ਕੀਤੇ ਜਾ ਰਹੇ ਕਿਸੇ ਵੀ ਕੋਰਸ ਦੀ ਨਿੱਜੀ ਕਾਪੀ ਹੈ?
7. ਕੀ ਸਾਰੇ ਵਿਦਿਆਰਥੀ ਖੁਦ ਕਰਨ ਵਾਲੇ ਕੰਮਾਂ ਨੂੰ ਪੂਰਾ ਕਰਨ ਲਈ ਚੰਗੀ ਤਰ੍ਹਾਂ ਪੜ੍ਹਨ ਅਤੇ ਲਿਖਣ ਦੇ ਯੋਗ ਹਨ? (ਪ੍ਰਮਾਣ-ਪੱਤਰ ਪ੍ਰਾਪਤ ਕਰਨ ਲਈ ਜ਼ਰੂਰੀ ਹੈ।)
8. ਕੀ ਕਲਾਸ ਦੀ ਸਮਾਂ-ਸਾਰਣੀ ਖੁਦ ਕਰਨ ਵਾਲੇ ਕੰਮਾਂ ਨੂੰ ਪੂਰਾ ਕਰਨ ਵਿੱਚ ਲੱਗਣ ਵਾਲੇ ਸਮੇਂ ਤੋਂ ਇਲਾਵਾ ਹਰੇਕ ਕੋਰਸ ਲਈ ਤੀਹ ਘੰਟੇ ਦਾ ਕਲਾਸ ਸਮਾਂ ਪ੍ਰਦਾਨ ਕਰਦੀ ਹੈ?
9. ਕੀ ਇਮਤਿਹਾਨ ਪ੍ਰਕਿਰਿਆਵਾਂ ਇਹ ਯਕੀਨੀ ਬਣਾਉਂਦੀਆਂ ਹਨ ਕਿ ਵਿਦਿਆਰਥੀ ਦੂਜਿਆਂ ਤੋਂ ਜਾਂ ਲਿਖਤੀ ਸਮੱਗਰੀ ਤੋਂ ਜਵਾਬਾਂ ਦੀ ਨਕਲ ਨਹੀਂ ਕਰਦੇ ਹਨ?
10. ਕੀ ਸਿੱਖਿਅਕ ਵਿਦਿਆਰਥੀਆਂ ਦੀ ਹਾਜ਼ਰੀ ਦਾ ਸਹੀ ਰਿਕਾਰਡ ਰੱਖਦੇ ਹਨ? (ਇੱਕ ਵਿਦਿਆਰਥੀ ਜੋ ਕਲਾਸ ਦਾ 25% ਤੋਂ ਵੱਧ ਸਮਾਂ ਗੁਆਉਂਦਾ ਹੈ, ਉਸ ਨੂੰ ਕੋਰਸ ਲਈ ਅੰਕ ਨਹੀਂ ਮਿਲਣੇ ਚਾਹੀਦੇ।)
11. ਕੀ ਸਿੱਖਿਅਕ ਵਿਦਿਆਰਥੀ ਦੇ ਖੁਦ ਕਰਨ ਵਾਲੇ ਪੂਰੇ ਕੀਤੇ ਕੰਮਾਂ ਦਾ ਰਿਕਾਰਡ ਰੱਖਦੇ ਹਨ? (ਪ੍ਰਮਾਣ-ਪੱਤਰ ਪ੍ਰਾਪਤ ਕਰਨ ਦੇ ਲਈ ਖੁਦ ਕਰਨ ਵਾਲੇ ਸਾਰੇ ਕੰਮਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ। ਮੌਜੂਦਾ ਕਲਾਸਾਂ ਦੇ ਖੁਦ ਕਰਨ ਵਾਲੇ ਕੰਮ ਉਦੋਂ ਤੱਕ ਸਮੀਖਿਆ ਲਈ ਉਪਲਬਧ ਹੋਣੇ ਚਾਹੀਦੇ ਹਨ ਜਦੋਂ ਤੱਕ ਉਹ ਕੋਰਸ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ ਵਾਪਸ ਨਹੀਂ ਕਰ ਦਿੱਤੇ ਜਾਂਦੇ।)
12. ਕੀ ਸਥਾਨਕ ਵਿਦਿਆਲਾ ਸਥਾਨਕ ਆਰਥਿਕ ਸਹਾਇਤਾ ਲਈ ਕੋਈ ਪ੍ਰਣਾਲੀ ਵਿਕਸਿਤ ਕਰ ਰਿਹਾ ਹੈ?
13. ਕੀ ਖੁੱਲ੍ਹੇਪਣ ਅਤੇ ਜਵਾਬਦੇਹੀ ਲਈ ਸਥਾਨਕ ਕਮੇਟੀ ਦੁਆਰਾ ਸਥਾਨਕ ਵਿਦਿਆਲੇ ਵਿੱਚ ਪੈਸੇ ਦੇ ਲੈਣ-ਦੇਣ ਦਾ ਪ੍ਰਬੰਧ ਕੀਤਾ ਜਾਂਦਾ ਹੈ?

# SGC ਵੱਲੋਂ ਆਨਲਾਈਨ ਸਰੋਤ

## ਸ਼ੈਫਰਡਸ ਗਲੋਬਲ ਕਲਾਸਰੂਮ ਐਪ

SGC ਐਪ ਐਪਲ ਸਟੋਰ ਅਤੇ ਗੂਗਲ ਪਲੇਅ ਦੋਵਾਂ ਤੇ ਉਪਲਬਧ ਹੈ।

ਐਪ ਪੜ੍ਹਨ ਜਾਂ ਡਾਊਨਲੋਡ ਕਰਨ ਲਈ ਸਾਰੇ ਕੋਰਸ ਪ੍ਰਦਾਨ ਕਰਦੀ ਹੈ। ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਜਿਵੇਂ-ਜਿਵੇਂ ਪੂਰੇ ਹੁੰਦੇ ਜਾ ਰਹੇ ਹਨ ਉਪਲਬਧ ਕਰਵਾਏ ਜਾ ਰਹੇ ਹਨ।

## SHEPHERDSGLOBAL.ORG

ਵੈੱਬਸਾਈਟ ਡਾਊਨਲੋਡ ਅਤੇ ਹੋਰ ਸਮੱਗਰੀ ਲਈ ਕੋਰਸ ਪ੍ਰਦਾਨ ਕਰਦੀ ਹੈ।

## ਸਿੱਖਿਅਕ ਸਿਖਲਾਈ

ਇਹ *ਸਥਾਨਕ ਵਿਦਿਆਲਾ ਹੈਂਡਬੁੱਕ* ਇੱਕ ਦਸਤਾਵੇਜ਼ ਦੇ ਰੂਪ ਵਿੱਚ ਡਾਊਨਲੋਡ ਕੀਤੀ ਜਾ ਸਕਦੀ ਹੈ। ਵੱਖ-ਵੱਖ ਭਾਸ਼ਾਵਾਂ ਵਿੱਚ ਸਿਖਲਾਈ ਕੋਰਸ ਦੇ ਵੀਡੀਓ ਸੰਸਕਰਣ ਜਿਵੇਂ-ਜਿਵੇਂ ਪੂਰੇ ਹੁੰਦੇ ਜਾਣਗੇ ਇਸ ਵਿੱਚ ਜੋੜ ਦਿੱਤੇ ਜਾਣਗੇ।

## ਸਲਾਈਡਸ਼ੋਅ ਪੇਸ਼ਕਾਰੀਆਂ

ਅੰਗਰੇਜ਼ੀ ਸਲਾਈਡਸ਼ੋਅ ਪੇਸ਼ਕਾਰੀਆਂ  ਡਾਊਨਲੋਡ ਕਰਨ ਲਈ ਮੁਫ਼ਤ ਵਿੱਚ ਉਪਲਬਧ ਹਨ।

## ਵਿਗਿਆਪਨ ਵੀਡੀਓ

ਵੈੱਬਸਾਈਟ ਉੱਤੇ SGC ਆਗੂਆਂ, ਸਿੱਖਿਅਕਾਂ ਅਤੇ ਵਿਦਿਆਰਥੀਆਂ ਦੇ ਵੀਡੀਓ ਹਨ ਜੋ ਪ੍ਰੋਗਰਾਮ ਦੇ ਦਰਸ਼ਣ ਅਤੇ ਪ੍ਰਭਾਵ ਦਾ ਵਰਣਨ ਕਰਦੇ ਹਨ।

## ਕੋਰਸਾਂ ਦੀ ਆਡੀਓ ਅਤੇ ਵੀਡੀਓ ਰਿਕਾਰਡਿੰਗ

ਪੜ੍ਹਾਏ ਜਾ ਰਹੇ ਕੋਰਸਾਂ ਦੀ ਆਡੀਓ ਅਤੇ ਵੀਡੀਓ ਰਿਕਾਰਡਿੰਗ ਵੱਖ-ਵੱਖ ਭਾਸ਼ਾਵਾਂ ਵਿੱਚ ਜਿਵੇਂ-ਜਿਵੇਂ ਪੂਰੇ ਹੁੰਦੀ ਜਾਵੇਗੀ ਉਪਲਬਧ ਕਰਵਾਈ ਜਾਵੇਗੀ।

# ਸ਼ੈਫਰਡਸ ਗਲੋਬਲ ਕਲਾਸਰੂਮ ਕੋਰਸ ਦੇ ਵੇਰਵੇ

## ਸਿਧਾਂਤ ਸੰਬੰਧੀ ਬੁਨਿਆਦੀ ਕੋਰਸ

### ਮਸੀਹੀ ਮਾਨਤਾਵਾਂ

ਇਹ ਇੱਕ ਵਿਵਸਥਿਤ ਧਰਮ-ਗਿਆਨ ਕੋਰਸ ਹੈ, ਜੋ ਬਾਈਬਲ, ਪਰਮੇਸ਼ੁਰ, ਮਨੁੱਖ, ਪਾਪ, ਮਸੀਹ, ਮੁਕਤੀ, ਪਵਿੱਤਰ ਆਤਮਾ, ਕਲੀਸੀਆ ਅਤੇ ਆਖ਼ਰੀ ਗੱਲਾਂ ਬਾਰੇ ਮਸੀਹੀ ਸਿੱਖਿਆਵਾਂ ਦਾ ਵਰਣਨ ਕਰਦਾ ਹੈ।

### ਰੋਮੀਆਂ

ਇਹ ਕੋਰਸ ਮੁਕਤੀ ਅਤੇ ਮਿਸ਼ਨਾਂ ਦੇ ਧਰਮ-ਗਿਆਨ ਬਾਰੇ ਸਿੱਖਿਆ ਦਿੰਦੇ ਹੋਏ, ਜਿਵੇਂ ਕਿ ਰੋਮੀਆਂ ਦੀ ਪੁਸਤਕ ਵਿੱਚ ਦੱਸਿਆ ਗਿਆ ਹੈ, ਕਲੀਸੀਆ ਦੇ ਕਈ ਵਿਵਾਦਪੂਰਨ ਮੁੱਦਿਆਂ ਤੇ ਚਰਚਾ ਕਰਦਾ ਹੈ।

### ਅੰਤ ਦੀਆਂ ਗੱਲਾਂ ਬਾਰੇ ਧਰਮ-ਗਿਆਨ

ਇਹ ਕੋਰਸ ਬਾਈਬਲ ਦੀਆਂ ਪੁਸਤਕਾਂ ਦਾਨੀਏਲ ਅਤੇ ਪਰਕਾਸ਼ ਦੀ ਪੋਥੀ ਦੇ ਨਾਲ-ਨਾਲ ਭਵਿੱਖਬਾਣੀ ਬਚਨ ਦੇ ਹੋਰ ਭਾਗਾਂ ਬਾਰੇ ਸਿੱਖਿਆ ਦਿੰਦਾ ਹੈ ਅਤੇ ਜ਼ਰੂਰੀ ਸਿੱਖਿਆਵਾਂ ਜਿਵੇਂ ਕਿ ਮਸੀਹ ਦੇ ਦੁਬਾਰਾ ਆਉਣ, ਆਖ਼ਰੀ ਨਿਆਂ ਅਤੇ ਪਰਮੇਸ਼ੁਰ ਦੇ ਸਦੀਪਕ ਰਾਜ ਤੇ ਜ਼ੋਰ ਦਿੰਦਾ ਹੈ।

### ਪਵਿੱਤਰ ਜੀਵਨ ਦੀ ਸਿੱਖਿਆ ਅਤੇ ਅਭਿਆਸ

ਇਹ ਕੋਰਸ ਬਾਈਬਲ ਅਨੁਸਾਰ ਉਸ ਪਵਿੱਤਰ ਜੀਵਨ ਦਾ ਵਰਣਨ ਕਰਦਾ ਹੈ ਜਿਸ ਦੀ ਪਰਮੇਸ਼ੁਰ ਇੱਕ ਮਸੀਹੀ ਵਿਅਕਤੀ ਤੋਂ ਉਮੀਦ ਕਰਦਾ ਹੈ ਅਤੇ ਉਸ ਨੂੰ ਸ਼ਕਤੀ ਦਿੰਦਾ ਹੈ।

### ਕਲੀਸੀਆ ਦਾ ਸਿਧਾਂਤ ਅਤੇ ਅਭਿਆਸ

ਇਹ ਕੋਰਸ ਕਲੀਸੀਆ ਅਤੇ ਬਾਈਬਲ ਦੇ ਵਿਸ਼ਿਆਂ ਜਿਵੇਂ ਕਿ ਕਲੀਸੀਆ ਦੀ ਮੈਂਬਰਸ਼ਿਪ, ਬਪਤਿਸਮਾ, ਪ੍ਰਭੂ-ਭੋਜ, ਦਸਵੰਧ ਅਤੇ ਆਤਮਿਕ ਅਗਵਾਈ ਲਈ ਪਰਮੇਸ਼ੁਰ ਦੇ ਉਦੇਸ਼ ਅਤੇ ਯੋਜਨਾ ਦੀ ਵਿਆਖਿਆ ਕਰਦਾ ਹੈ।

## ਬਾਈਬਲ ਸਰਵੇਖਣ ਕੋਰਸ

### ਪੁਰਾਣੇ ਨੇਮ ਦੀ ਪੜਚੋਲ ਕਰਨਾ

ਇਹ ਕੋਰਸ ਪੁਰਾਣੇ ਨੇਮ ਦੀਆਂ 39 ਪੁਸਤਕਾਂ ਦੀ ਜ਼ਰੂਰੀ ਵਿਸ਼ਾ-ਵਸਤੂ ਅਤੇ ਸਿੱਖਿਆਵਾਂ ਬਾਰੇ ਸਿੱਖਿਆ ਦਿੰਦਾ ਹੈ।

### ਨਵੇਂ ਨੇਮ ਦੀ ਪੜਚੋਲ ਕਰਨਾ

ਇਹ ਕੋਰਸ ਨਵੇਂ ਨੇਮ ਦੀਆਂ 27 ਪੁਸਤਕਾਂ ਦੀ ਜ਼ਰੂਰੀ ਵਿਸ਼ਾ-ਵਸਤੂ ਅਤੇ ਸਿੱਖਿਆਵਾਂ ਬਾਰੇ ਸਿੱਖਿਆ ਦਿੰਦਾ ਹੈ।

### ਬਾਈਬਲ ਦੀ ਵਿਆਖਿਆ ਦੇ ਸਿਧਾਂਤ

ਇਹ ਕੋਰਸ ਸਾਡੇ ਜੀਵਨ ਅਤੇ ਪਰਮੇਸ਼ੁਰ ਨਾਲ ਰਿਸ਼ਤੇ ਨੂੰ ਸੇਧ ਦੇਣ ਲਈ ਬਾਈਬਲ ਦੀ ਸਹੀ ਵਿਆਖਿਆ ਕਰਨ ਦੇ ਸਿਧਾਂਤ ਅਤੇ ਤਰੀਕੇ ਸਿਖਾਉਂਦਾ ਹੈ।

## ਖੁਸ਼ਖ਼ਬਰੀ ਪਰਚਾਰ ਅਤੇ ਚੇਲੇਪਣ ਦੇ ਕੋਰਸ

### ਧਾਰਮਿਕ ਸਿੱਖਿਆਵਾਂ ਨਾਲ ਜਾਣ-ਪਛਾਣ

ਇਹ ਕੋਰਸ ਇੱਕ ਮਸੀਹੀ ਵਿਸ਼ਵ-ਦਰਸ਼ਣ ਲਈ ਵਿਗਿਆਨਕ, ਇਤਿਹਾਸਕ ਅਤੇ ਦਾਰਸ਼ਨਿਕ ਅਧਾਰ ਸਿਖਾਉਂਦਾ ਹੈ ਅਤੇ ਇਹ ਦਰਸਾਉਂਦਾ ਹੈ ਕਿ ਕਿਵੇਂ ਮਸੀਹੀ ਨਿਹਚਾ ਤਰਕ ਅਤੇ ਅਸਲੀਅਤ ਦੇ ਨਾਲ ਇਕਸਾਰ ਹੈ।

### ਦੁਨੀਆਂ ਦੇ ਧਰਮ ਅਤੇ ਪੰਥ

ਇਹ ਕੋਰਸ ਖੁਸ਼ਖ਼ਬਰੀ ਪਰਚਾਰ ਕਰਨ ਵਾਲੇ ਵਿਸ਼ਵਾਸੀ ਨੂੰ ਅਠਾਰਾਂ ਧਾਰਮਿਕ ਸਮੂਹਾਂ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਲਈ ਸਹੀ ਪ੍ਰਤੀਉੱਤਰਾਂ ਦੀ ਸਮਝ ਪ੍ਰਦਾਨ ਕਰਦਾ ਹੈ।

### ਬਾਈਬਲ ਅਨੁਸਾਰ ਖੁਸ਼ਖ਼ਬਰੀ ਪਰਚਾਰ ਅਤੇ ਚੇਲਾਪਣ

ਇਹ ਕੋਰਸ ਬਾਈਬਲ ਦੇ ਸਿਧਾਂਤ ਪੇਸ਼ ਕਰਦਾ ਹੈ ਜੋ ਖੁਸ਼ਖ਼ਬਰੀ ਪਰਚਾਰ ਦੇ ਤਰੀਕਿਆਂ ਦੀ ਅਗਵਾਈ ਕਰਦੇ ਹਨ। ਇਹ ਖੁਸ਼ਖ਼ਬਰੀ ਪਰਚਾਰ ਦੇ ਰੂਪਾਂ ਦਾ ਵਰਣਨ ਕਰਦਾ ਹੈ ਅਤੇ ਮਸੀਹ ਵਿੱਚ ਆਏ ਨਵੇਂ ਲੋਕਾਂ ਨੂੰ ਚੇਲੇ ਬਣਾਉਣ ਵਿੱਚ ਵਰਤਣ ਲਈ ਸਬਕ ਪ੍ਰਦਾਨ ਕਰਦਾ ਹੈ।

### ਆਤਮਿਕ ਗਠਨ

ਇਸ ਕੋਰਸ ਵਿੱਚ ਵਿਦਿਆਰਥੀ ਯਿਸੂ ਵਰਗਾ ਸੁਭਾਉ ਰੱਖਣਾ, ਪਰਮੇਸ਼ੁਰ ਨਾਲ ਉਸ ਤਰ੍ਹਾਂ ਦਾ ਸੰਬੰਧ ਰੱਖਣਾ ਜਿਸ ਤਰ੍ਹਾਂ ਦਾ ਯਿਸੂ ਨੇ ਆਪਣੇ ਪਿਤਾ ਨਾਲ ਰੱਖਿਆ ਸੀ, ਆਪਣੇ ਆਪ ਨੂੰ ਯਿਸੂ ਵਾਂਗ ਹਲੀਮ ਬਣਾਉਣਾ, ਯਿਸੂ ਦੇ ਆਤਮਿਕ ਅਤੇ ਨਿੱਜੀ ਅਨੁਸ਼ਾਸਨਾਂ ਦਾ ਅਭਿਆਸ ਕਰਨਾ, ਯਿਸੂ ਵਾਂਗ ਦੁੱਖਾਂ ਨੂੰ ਸਹਿਣਾ ਅਤੇ ਯਿਸੂ ਦੁਆਰਾ ਬਣਾਏ ਗਏ ਮਸੀਹੀ ਭਾਈਚਾਰੇ (ਕਲੀਸੀਆ) ਵਿੱਚ ਸ਼ਾਮਲ ਹੋਣਾ ਸਿੱਖਦੇ ਹਨ।

### ਵਿਹਾਰਕ ਮਸੀਹੀ ਜੀਉਣ

ਇਹ ਕੋਰਸ ਪੈਸੇ ਦੀ ਵਰਤੋਂ, ਰਿਸ਼ਤਿਆਂ, ਵਾਤਾਵਰਣ, ਸਰਕਾਰ ਨਾਲ ਸੰਬੰਧਾਂ, ਮਨੁੱਖੀ ਅਧਿਕਾਰਾਂ ਅਤੇ ਵਿਹਾਰਕ ਜੀਵਨ ਦੇ ਹੋਰ ਖੇਤਰਾਂ ਲਈ ਬਚਨ ਦੇ ਸਿਧਾਂਤਾਂ ਨੂੰ ਲਾਗੂ ਕਰਦਾ ਹੈ।

### ਮਸੀਹੀ ਵਿਆਹ ਅਤੇ ਪਰਿਵਾਰ

ਇਹ ਕੋਰਸ ਜੀਵਨ ਦੇ ਪੜਾਵਾਂ ਰਾਹੀਂ ਮਨੁੱਖੀ ਵਿਕਾਸ ਤੇ ਇੱਕ ਮਸੀਹੀ ਦ੍ਰਿਸ਼ਟੀਕੋਣ ਦਿੰਦਾ ਹੈ ਅਤੇ ਪਰਿਵਾਰਕ ਭੂਮਿਕਾਵਾਂ ਅਤੇ ਰਿਸ਼ਤਿਆਂ ਤੇ ਬਚਨ ਦੇ ਸਿਧਾਂਤਾਂ ਨੂੰ ਲਾਗੂ ਕਰਦਾ ਹੈ।

# ਮਸੀਹੀ ਆਗੂਪੁਣਾ ਕੋਰਸ

## ਸੇਵਕਾਈ ਵਿੱਚ ਆਗੂਪੁਣਾ

ਇਹ ਕੋਰਸ ਮਸੀਹੀ ਚਰਿੱਤਰ ਤੇ ਜ਼ੋਰ ਦਿੰਦਾ ਹੈ ਅਤੇ ਨਾਲ ਹੀ ਆਗੂਆਂ ਨੂੰ ਕਦਰਾਂ-ਕੀਮਤਾਂ ਦੀ ਖੋਜ ਕਰਨ, ਉਦੇਸ਼ ਨੂੰ ਪੂਰਾ ਕਰਨ, ਦਰਸ਼ਣ ਨੂੰ ਸਾਂਝਾ ਕਰਨ, ਟੀਚੇ ਨਿਰਧਾਰਤ ਕਰਨ, ਰਣਨੀਤੀ ਦੀ ਯੋਜਨਾ ਬਣਾਉਣ, ਅਮਲ ਕਰਨ ਅਤੇ ਪ੍ਰਾਪਤੀ ਦਾ ਅਨੁਭਵ ਕਰਨ ਦੀ ਪ੍ਰਕਿਰਿਆ ਦੁਆਰਾ ਸੰਗਠਨਾਂ ਦਾ ਮਾਰਗਦਰਸ਼ਨ ਕਰਨਾ ਸਿਖਾਉਂਦਾ ਹੈ।

## ਯਿਸੂ ਦਾ ਜੀਵਨ ਅਤੇ ਸੇਵਕਾਈ

ਇਹ ਕੋਰਸ 21ਵੀਂ ਸਦੀ ਵਿੱਚ ਸੇਵਕਾਈ ਅਤੇ ਅਗਵਾਈ ਲਈ ਇੱਕ ਨਮੂਨੇ ਵਜੋਂ ਯਿਸੂ ਦੇ ਜੀਵਨ ਦਾ ਅਧਿਐਨ ਕਰਦਾ ਹੈ।

## ਗੱਲਬਾਤ ਦੇ ਸਿਧਾਂਤ

ਇਹ ਕੋਰਸ ਗੱਲਬਾਤ ਦੇ ਧਰਮ-ਗਿਆਨ, ਪ੍ਰਭਾਵਸ਼ਾਲੀ ਢੰਗ ਨਾਲ ਬੋਲਣ ਅਤੇ ਬਾਈਬਲ ਦੇ ਸੰਦੇਸ਼ਾਂ ਨੂੰ ਤਿਆਰ ਕਰਨ ਅਤੇ ਪੇਸ਼ ਕਰਨ ਦੇ ਤਰੀਕੇ ਸਿਖਾਉਂਦਾ ਹੈ।

## ਮਸੀਹੀ ਅਰਾਧਨਾ ਨਾਲ ਜਾਣ-ਪਛਾਣ

ਇਹ ਕੋਰਸ ਦੱਸਦਾ ਹੈ ਕਿ ਅਰਾਧਨਾ ਕਿਵੇਂ ਵਿਸ਼ਵਾਸੀ ਦੇ ਜੀਵਨ ਦੇ ਸਾਰੇ ਪਹਿਲੂਆਂ ਨੂੰ ਪ੍ਰਭਾਵਤ ਕਰਦੀ ਹੈ ਅਤੇ ਅਜਿਹੇ ਸਿਧਾਂਤ ਦਿੰਦਾ ਹੈ ਜਿਨ੍ਹਾਂ ਤੋਂ ਅਰਾਧਨਾ ਦੇ ਵਿਅਕਤੀਗਤ ਅਤੇ ਕਲੀਸੀਆਈ ਤੌਰ-ਤਰੀਕਿਆਂ ਨੂੰ ਸੇਧ ਮਿਲਣੀ ਚਾਹੀਦੀ ਹੈ।

# ਕਲੀਸੀਆ ਦੇ ਇਤਿਹਾਸ ਬਾਰੇ ਕੋਰਸ

## ਕਲੀਸੀਆ ਦੇ ਇਤਿਹਾਸ ਦਾ ਸਰਵੇਖਣ I

ਇਸ ਕੋਰਸ ਵਿੱਚ ਦੱਸਿਆ ਗਿਆ ਹੈ ਕਿ ਕਲੀਸੀਆ ਨੇ ਆਪਣੇ ਮਿਸ਼ਨ ਨੂੰ ਕਿਵੇਂ ਪੂਰਾ ਕੀਤਾ ਅਤੇ ਅਰੰਭਕ ਕਲੀਸੀਆ ਦੇ ਸਮੇਂ ਤੋਂ ਸੁਧਾਰ ਤੱਕ ਦੇ ਸਮੇਂ ਦੌਰਾਨ ਜ਼ਰੂਰੀ ਡਾਕਟ੍ਰਿਨ (ਸਿੱਖਿਆ) ਦੀ ਰੱਖਿਆ ਕੀਤੀ।

## ਕਲੀਸੀਆ ਦੇ ਇਤਿਹਾਸ ਦਾ ਸਰਵੇਖਣ II

ਇਸ ਕੋਰਸ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਕਲੀਸੀਆ ਨੇ ਸੁਧਾਰ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਵਿਸਤਾਰ ਕੀਤਾ ਅਤੇ ਚੁਣੌਤੀਆਂ ਦਾ ਸਾਹਮਣਾ ਕੀਤਾ।